ISSN 0972-2335

# ਅੰਮ੍ਰਿਤ ਕੀਰਤਨ

**ਜਨਵਰੀ 2021**

ੴ

ਚਤੁਰ ਦਿਸਾ ਕੀਨੋ ਬਲੁ ਅਪਨਾ
ਸਿਰ ਊਪਰਿ ਕਰੁ ਧਾਰਿਓ ॥

ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ
ਦਾਸ ਕਾ ਦੂਖੁ ਬਿਦਾਰਿਓ॥੧॥

ਹਰਿ ਜਨ ਰਾਖੇ ਗੁਰ ਗੋਵਿੰਦ ॥

ਕੰਠਿ ਲਾਇ ਅਵਗੁਣ ਸਭਿ ਮੇਟੇ
ਦਇਆਲ ਪੁਰਖ ਬਖਸੰਦ ॥ਰਹਾਉ॥

ਜੋ ਮਾਗਹਿ ਠਾਕੁਰ ਅਪੁਨੇ ਤੇ
ਸੋਈ ਸੋਈ ਦੇਵੈ ॥

ਨਾਨਕ ਦਾਸੁ ਮੁਖ ਤੇ ਜੋ ਬੋਲੈ
ਈਹਾ ਊਹਾ ਸਚੁ ਹੋਵੈ ॥੨॥




ਮੁੱਲ 15/-

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ



## ਸੋਮਵਾਰ (ਇਕ ਮਿੱਠੀ ਯਾਦ)
## ਭਾਗ -2

ਫਿਰ ਗੁਰਦੁਆਰੇ ਨੇਮ ਨਾਲ ਜਾਣਾ,
ਤੁਰਦੇ ਜਾਂਦਿਆ ਪਾਠ ਵਿਚਾਰ ਤੇਰੇ।
ਗੁਰਦੁਆਰੇ ਪੁੱਜ ਆਪ ਅਰਦਾਸ ਕਰਨੀ,
ਜੁੜਨਾ ਕੀਰਤਨ ਰਸ ਇਕ ਤਾਰ ਤੇਰੇ।
ਘਰ ਮੁੜਦਿਆਂ ਰਾਹ ਵਿਚ ਪਾਠ ਕਰਨਾ,
ਕਰਨੀ ਚਾਹ ਫਿਰ ਆਪ ਤਿਆਰ ਤੇਰੇ।
ਮਗਰੋਂ ਪਾਠ ਸੁਮਖਨੀ ਦਾ ਕਰਨ ਬਹਿਣਾ,
ਫੱਬ ਜਾਵਣਾਂ ਰੰਗ ਵਿਚ ਪਿਆਰ ਤੇਰੇ।
ਫਿਰ ਗ੍ਰਹਸੱਥ ਧੰਦਿਆਂ ਵਿਚ ਲੱਗ ਜਾਣਾ,
ਐਹ ਔਹ ਗ੍ਰਸਤੀਆਂ ਦੇ ਸਨ ਕਾਰ ਤੇਰੇ।
ਹੱਥਾਂ ਨਾਲ ਸ਼ਾਮੀ ਕੰਮ ਕਾਰ ਕਰਨਾ,

## सोमवार (इक मिट्ठी याद)
## भाग – 2

फिर गुरद्वारे नेम नाल जाणा,
तुरदै जांदिआं पाठ विचार तेरे ।
गुरद्वारे पुज आप अरदास करनी,
जुड़ना कीर्तन रस इक तार तेरे ।
घर मुड़दियां राह विच पाठ करना,
करनी चाह फिर आप तैयार तेरे ।
मगरों पाठ सुखमनी दा करना,
फब जावणा रंग विच प्यार तेरे ।
फिर ग्रहस्थ धंदियां विच लग जाणा ,
ऐह ओह ग्रहस्थियां दे सब कार तेरे ।
हत्थां नाल शामीं कम कार करना,
मुखों पाठ रहिरास विस्थार तेरे ।
बाल बचिआं खिलाए पिलाए के ते ,
वेहले हो के नाले परिवार तेरे ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


ਸੋਮਵਾਰ (ਇਕ ਮਿੱਠੀ ਯਾਦ) (ਭਾਗ 2)
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ –
ਉਸਤਾਦ ਤਬਲਾ ਵਾਦਕ ਪ੍ਰੋ.ਰਣਜੀਤ ਸਿੰਘ 2

ਗੁਰਮਤਿ ਸੰਗੀਤ : ਪ੍ਰਾਪਤੀਆਂ ਤੇ ਸੰਭਾਵਨਾਵਾਂ
ਡਾ. ਗੁਰਨਾਮ ਸਿੰਘ 4

ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ
ਡਾਕਟਰ ਜਾਗੀਰ ਸਿੰਘ 8

ਪ੍ਰਿੰਸੀਪਲ ਦਿਆਲ ਸਿੰਘ ਕ੍ਰਿਤ ਸੰਗੀਤ ਪੁਸਤਕਾਂ
ਵਿਸ਼ਲੇਸ਼ਣ ਅਤੇ ਸਾਰਥਕਤਾ
ਡਾ. ਰਿਸ਼ਪਾਲ ਸਿੰਘ 15

ਰਬਾਬ ਕਵਿਤਾ
ਜਗਤਾਰਜੀਤ ਸਿੰਘ 18

ਸੁਰ ਲਿਪੀ - ਰਾਗੁ ਸਾਰੰਗ- ਹਰਭਜਨ ਸਿੰਘ ਚੋਪੜਾ 19

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-3


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਉਸਤਾਦ ਤਬਲਾ ਵਾਦਕ ਪ੍ਰੋਫੈਸਰ ਰਣਜੀਤ ਸਿੰਘ ਜੀ

ਅੱਜਕਲ ਕੈਲੀਫੋਰਨੀਆ ਅਮਰੀਕਾ ਵਿਚ ਰਹਿ ਰਹੇ ਪ੍ਰੋਫੈਸਰ ਰਣਜੀਤ ਸਿੰਘ ਜੀ ਕਦੇ ਲਧਿਆਣਾ ਵਿਖੇ ਸਰਕਾਰੀ ਕਾਲਜ ਵਿਚ ਤਬਲਾ ਵਾਦਕ ਦੇ ਤੌਰ ਤੇ ਸੇਵਾ ਕਰਦੇ ਸਨ। ਆਪ ਪ੍ਰਸਿੱਧ ਤਬਲਾ ਵਾਦਕ ਉਸਤਾਦ ਬਹਾਦਰ ਸਿੰਘ ਜੀ ਦੇ ਸ਼ਗਿਰਦ ਹਨ। ਹੁਣ ਪ੍ਰੋਫੈਸਰ ਰਣਜੀਤ ਸਿੰਘ ਦਾ ਸਤਿਕਾਰ ਵੀ ਉਸਤਾਦ ਤਬਲਾ ਵਾਦਕ ਦੇ ਤੌਰ ਤੇ ਕੀਤਾ ਜਾਂਦਾ ਹੈ। ਮੈਂ ਉਸਤਾਦ ਬਹਾਦਰ ਸਿੰਘ ਜੀ ਦੇ ਸ਼ਗਿਰਦਾਂ ਵਿਚੋਂ ਮਾਸਟਰ ਦਲੀਪ ਸਿੰਘ ਅਤੇ ਉਸਤਾਦ ਕਿਰਪਾਲ ਸਿੰਘ ਪਟਿਆਲੇ ਵਾਲਿਆਂ ਦੇ ਦਰਸ਼ਨ ਕੀਤੇ ਹਨ ਅਤੇ ਤਬਲਾ ਵੀ ਸੁਣਿਆ ਹੋਇਆ ਹੈ। 1985 ਵਿਚ ਰਾਮਗੜ੍ਹੀਆ ਕਾਲਜ ਲੁਧਿਆਣਾ ਵਿਚ ਮੇਰਾ ਸਨਮਾਨ ਕੀਤਾ ਗਿਆ ਸੀ। ਉਸ ਸਮੇਂ ਪ੍ਰੋਫੈਸਰ ਰਣਜੀਤ ਸਿੰਘ ਹੋਰਾਂ ਨਾਲ ਬਹੁਤ ਗੱਲਾਂ ਬਾਤਾਂ ਹੋਈਆਂ ਸਨ। ਉਹਨਾਂ ਨੇ ਕੁਝ ਤਬਲਾ ਵਾਦਕਾਂ ਦਾ ਨਾਮ ਲਿਆ ਤਾਂ ਮੇਰੀਆਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਜਦੋਂ ਮੈਂ ਪਹਿਲੀ ਦੂਜੀ ਵਿਚ ਪੜ੍ਹਦਾ ਸੀ ਉਦੋਂ ਮੇਰੇ ਪਿਤਾ ਜੀ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਿਖੇ ਕੀਰਤਨ ਕਰਦੇ ਸਨ। ਉਹਨਾਂ ਨਾਲ ਤਬਲਾ ਵਾਦਕ ਮਾਸਟਰ ਦੀਵਾਨ ਸਿੰਘ ਜੀ ਹੁੰਦੇ ਸਨ। ਉਹਨਾਂ ਦੇ ਮੂਹੋਂ ਕਦੀ ਕਦੀ ਮੀਆਂ ਕਾਦਰ ਬਖਸ਼ ਅਤੇ ਉਸਤਾਦ ਬਹਾਦਰ ਸਿੰਘ ਜੀ ਦਾ ਜ਼ਿਕਰ ਸੁਣਦਾ ਸਾਂ। ਉਦੋਂ ਉਥੇ ਮਾਸਟਰ ਦਲੀਪ ਸਿੰਘ ਜੀ ਵੀ ਕਿਸੇ ਗੁਰਦੁਆਰਾ ਸਾਹਿਬ ਵਿਚ ਤਬਲੇ ਦੀ ਸੇਵਾ ਕਰਦੇ ਸਨ। ਕਦੀ ਕਦੀ ਉਹ ਵੀ ਪਿਤਾ ਜੀ ਨਾਲ ਤਬਲਾ ਵਜਾਉਂਦੇ ਸਨ। ਮੈਂ ਸ਼ਾਮ ਨੂੰ ਸੋਦਰ ਦੀ ਚੌਕੀ ਵਿਚ ਪਿਤਾ ਜੀ ਦੇ ਰਾਗੀ ਜਥੇ ਵਿਚ ਪਿੱਛੇ ਬੈਠ ਕੇ ਕੀਰਤਨ ਕਰਦਾ ਸੀ। ਮਾਸਟਰ ਦੀਵਾਨ ਸਿੰਘ ਜੀ ਧਾਮੇ ਲਈ ਆਟਾ ਲੰਗਰ ਵਿਚੋਂ ਲਿਆਉਣ ਲਈ ਮੈਨੂੰ ਭੇਜ ਦਿੰਦੇ ਸਨ। ਮਾਸਟਰ ਜੀ ਵੱਲੋਂ ਧਾਮੇ ਤੇ ਵਜਾਏ ਖੁਲ੍ਹੇ ਬੋਲਾਂ ਦੀ ਗੂੰਜਾਰ ਮੇਰੇ ਚੇਤੇ ਵਿਚ ਅਜੇ ਵੀ ਵੱਸੀ ਹੋਈ ਹੈ। ਮਾਸਟਰ ਦੀਵਾਨ ਸਿੰਘ ਗਤਕੇ ਦੇ ਵੀ ਮਾਹਿਰ ਸਨ। ਗੁਰਪੁਰਬਾਂ ਤੇ ਸਜਾਏ ਜਾਂਦੇ ਨਗਰ ਕੀਰਤਨਾਂ ਵਿਚ ਉਹਨਾਂ ਦੀ ਗਤਕਾ ਪਾਰਟੀ ਦੀ ਇੱਕ ਵਖਰੀ ਸ਼ਾਨ ਹੁੰਦੀ ਸੀ। ਹਰ ਚੌਕ ਤੇ ਗਤਕੇ ਦੇ ਜੌਹਰ ਦਿਖਾਏ ਜਾਂਦੇ ਸਨ। ਇਹਨਾਂ ਵਿਚ ਸਾਡੇ ਪਿਤਾ ਜੀ ਦੀ ਤਲਵਾਰ ਘੁੰਮਾਉਣ ਦੀ ਇੱਕ ਵਿਸ਼ੇਸ਼ ਆਈਟਮ ਹੁੰਦੀ ਸੀ। ਅੰਬਾਲਾ ਸ਼ਹਿਰ ਵਿਚ ਮਾਸਟਰ ਦੀਵਾਨ ਸਿੰਘ ਜੀ ਦੀ ਯਾਦ ਵਿਚ ਗਤਕਾ ਜੱਥੇ ਦਾ ਨਾਮ ਰੱਖਿਆ ਹੋਇਆ ਹੈ। ਉਦੋਂ ਨਗਰ ਕੀਰਤਨ ਵਿਚ ਰਾਗੀ ਜਥੇ ਘੋੜਾ ਗੱਡੀਆਂ ਜਾਂ ਬੈਲਾਂ ਵਾਲੇ ਗੱਡਿਆਂ ਉਪਰ ਬੈਠ ਕੇ ਕੀਰਤਨ ਕਰਦੇ ਸਨ।

ਇਸ ਸਮੇਂ ਤੋਂ ਬਾਅਦ ਮੇਰੀ ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆਏ ਤੇ ਦਸਵੀ ਪਾਸ

ਕਰਨ ਉਪਰੰਤ ਮੈ ਪ੍ਰੋਫੈਸਰ ਕਿਸ਼ਨ ਸਿੰਘ ਜੀ ਨਾਲ ਗੁਰਦੁਆਰਾ ਗੋਬਿੰਦ ਪੁਰਾ ਜਿਹੜਾ ਗੁਰਦੁਆਰਾ ਲੱਭੂ ਵਾਲਾ ਤਲਾਅ ਕਰਕੇ ਵਧੇਰੇ ਮਸ਼ਹੂਰ ਸੀ ਵਿਚ ਕੀਰਤਨ ਕਰਨ ਲੱਗ ਪਿਆ। ਉਦੋਂ ਗੁਰਦੁਆਰਾ ਮੰਜੀ ਸਾਹਿਬ ਵਿਚੇ ਬਾਵਾ ਕਰਤਾਰ ਸਿੰਘ ਜੀ ਕੀਰਤਨ ਕਰਦੇ ਸਨ ਅਤੇ ਉਹਨਾਂ ਦੇ ਨਾਲ ਭਾਈ ਪ੍ਰੀਤਮ ਸਿੰਘ ਅਤੇ ਭਾਈ ਧਰਮ ਸਿੰਘ ਤਬਲੇ ਦੀ ਸੇਵਾ ਕਰਦੇ ਸਨ। ਬਾਅਦ ਵਿਚ ਪ੍ਰੀਤਮ ਸਿੰਘ ਜੀ ਤਾਂ ਲੁਧਿਆਣੇ ਮੈਨੂੰ ਮਿਲੇ ਪਰ ਧਰਮ ਸਿੰਘ ਨਾਲ ਕਦੀ ਮੇਲ ਨਹੀਂ ਹੋਇਆ। ਇਹ ਮੇਰੇ ਹਮਉਮਰ ਸਨ ਤੇ ਅਸੀਂ ਸਾਰੇ ਇੱਕਠੇ ਹੀ ਭਵਿੱਖ ਦੇ ਸੁਪਨੇ ਲੈਂਦੇ ਸਾਂ। ਮਾਸਟਰ ਦਲੀਪ ਸਿੰਘ ਜੀ ਵੀ ਲੁਧਿਆਣੇ ਇੱਕ ਸਮਾਗਮ ਤੇ ਮਿਲੇ ਸਨ। ਉਹਨਾਂ ਦਾ ਬੇਟਾ ਲੁਧਿਆਣਾ ਵਿਖੇ ਹੀ ਤਬਲੇ ਦੀ ਸੇਵਾ ਕਰਦਾ ਹੈ। ਮੇਰੇ ਨਾਲ ਕਾਫੀ ਸਮਾਂ ਤਬਲੇ ਦੀ ਸੰਗਤ ਕਰਨ ਵਾਲੇ ਪ੍ਰੋਫੈਸਰ ਨਰਿੰਦਰ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਾਲੇ ਵੀ ਉਸਤਾਦ ਬਹਾਦਰ ਸਿੰਘ ਜੀ ਦੇ ਸ਼ਗਿਰਦ ਸਨ। ਉਹਨਾਂ ਪਾਸੋਂ ਉਹਨਾਂ ਵਡੇਰਿਆਂ ਦੀਆਂ ਵਡਿਆਈਆਂ ਸੁਣੀਆਂ ਹੋਈਆਂ ਹਨ। ਪ੍ਰੋਫੈਸਰ ਰਣਜੀਤ ਸਿੰਘ ਜੀ ਫੇਸਬੁਕ ਤੇ ਕਾਫੀ ਸਰਗਰਮ ਹਨ। ਉਹ ਤਬਲੇ ਬਾਰੇ, ਸੰਗੀਤ ਅਤੇ ਕੀਰਤਨ ਬਾਰੇ ਆਪਣੇ ਵਿਦਿਆਰਥੀਆਂ ਲਈ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ। ਇਸ ਦੇ ਨਾਲ ਨਾਲ ਉਹ ਜੀਵਨ ਜੁਗਤ ਦੇ ਨੁਕਤੇ ਵੀ ਸਾਂਝੇ ਕਰਦੇ ਰਹਿੰਦੇ ਹਨ। ਪਿਛਲੇ ਮਹੀਨੇ ਉਹਨਾਂ ਦਾ ਇਕ ਲੇਖ ਅਸੀਂ ਛਾਪਿਆ ਹੈ। ਇਸ ਤੋਂ ਪੰਜਾਬ ਦੇ ਸੰਗੀਤ ਅਤੇ ਖਾਸ ਕਰਕੇ ਤਬਲੇ ਬਾਰੇ ਪ੍ਰੋਫੈਸਰ ਰਣਜੀਤ ਸਿੰਘ ਦੀ ਭਾਵਨਾ ਭਲੀ ਭਾਂਤ ਪ੍ਰਗਟ ਹੁੰਦੀ ਹੈ ।ਫੇਸ ਬੁਕ ਤੇ ਡਾਕਟਰ ਗੁਰਨਾਮ ਸਿੰਘ ਜੀ ਵੱਲੋਂ ਲਈ ਗਈ ਇੱਕ ਇੰਟਰਵਿਊ ਵੀ ਮਿਲ ਜਾਂਦੀ ਹੈ। ਜਿਸ ਵਿਚ ਉਹ ਪੰਜਾਬ ਦੇ ਤਬਲਾ ਵਾਦਨ ਦੀ ਵਿਧੀ ਬਾਰੇ ਬੜੇ ਰੋਚਕ ਵਿਚਾਰ ਦਸਦੇ ਹਨ।ਅਜਿਹੇ ਗੁਣੀ ਜਨਾਂ ਦੀ ਸੰਗਤ ਭਾਵੇਂ ਫੇਸਬੁਕ ਤੇ ਹੀ ਮਿਲੇ ਹਮੇਸ਼ਾ ਲਾਹੇਵੰਦ ਹੁੰਦੀ ਹੈ।

ਭੁੱਲ ਚੁੱਕ ਖਿਮਾ

**ਜ਼ਰੂਰੀ ਸੂਚਨਾ**

ਪ੍ਰੋ. ਮੰਗਤ ਸਿੰਘ ਮਸਤਾਨਾ ਜਿਹਨਾਂ ਨੇ ਮਲੋਟ ਦੇ ਇਲਾਕੇ ਵਿਚ ਕੀਰਤਨ ਦੀ ਸਿਖਲਾਈ ਦੇ ਕੇ ਅਨੇਕਾਂ ਕੀਰਤਨੀਏ ਤਿਆਰ ਕੀਤੇ ਸਨ ਐਕਸੀਡੈਂਟ ਤੋਂ ਬਾਅਦ ਠੀਕ ਹੋ ਕੇ ਹੁਣ ਉਹ ਕੀਰਤਨ ਸਿਖਲਾਈ ਦੇਣ ਲਈ ਤਿਆਰ ਹਨ। ਜੇ ਕੋਈ ਗੁਰਦੁਆਰਾ, ਸਭਾ ਸੋਸਾਇਟੀ ਜਾਂ ਕੋਈ ਵਿਅਕਤੀਗਤ ਤੌਰ ਤੇ ਕੀਰਤਨ ਸਿਖਲਾਈ ਲੈਣੀ ਚਾਹੁੰਦਾ ਹੈ ਤਾਂ ਉਹ ਇਸ ਫੋਨ ਤੇ ਸੰਪਰਕ ਕਰ ਸਕਦਾ ਹੈ। **ਮੋ : 9463782514**

# ਗੁਰਮਤਿ ਸੰਗੀਤ : ਪ੍ਰਾਪਤੀਆਂ ਤੇ ਸੰਭਾਵਨਾਵਾਂ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦਾ ਉਦਗਮ ਤੇ ਵਿਕਾਸ ਨੂੰ ਇਤਿਹਾਸਕ ਰੂਪ ਵਿੱਚ ਵੇਖੀਏ ਤਾਂ ਭਾਰਤੀ ਸੰਗੀਤ ਦੇ ਮੁਗਲ ਕਾਲ ਦੇ ਸਮਾਨੰਤਰ ਹੀ ਗੁਰੂ ਕਾਲ ਵਿੱਚ ਸਿੱਖੀ ਦੀਆਂ ਹੋਰ ਪਰੰਪਰਾਵਾ ਨੇ ਨਾਲ-ਨਾਲ ਗੁਰਮਤਿ ਸੰਗੀਤ ਦਾ ਵਿਕਾਸ ਹੋਇਆ। ਭਾਰਤੀ ਸੰਗੀਤ ਦੇ ਇਤਿਹਾਸਕ ਵਿਸ਼ਲੇਸ਼ਣਾਂ ਵਿੱਚ ਮੁਗਲ ਕਾਲ ਦਾ ਜ਼ਿਕਰ ਤਾਂ ਹੈ ਪ੍ਰੰਤੂ ਭਾਰਤੀ ਸੰਗੀਤ ਦੇ ਅਧਿਐਨਕਾਰਾਂ ਵਲੋਂ ਵੀਹਵੀਂ ਸਦੀ ਵਿੱਚ ਗੁਰਮਤਿ ਸੰਗੀਤ ਨੂੰ ਆਪਣੇ ਅਧਿਐਨ ਕਾਰਜਾਂ ਵਿੱਚ ਵਿਚਾਰ ਦਾ ਵਿਸ਼ਾ ਨਹੀਂ ਬਣਾਇਆ ਜਾ ਸਕਿਆ। ਅਜਿਹੀ ਸਥਿਤੀ ਭਾਵੇਂ ਪੰਜਾਬ ਦੀ ਸੰਗੀਤ ਪਰੰਪਰਾ ਵਿੱਚ ਵੀ ਬਣੀ ਰਹੀ ਫਿਰ ਵੀ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤਕ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕਾਰਜਸ਼ੀਲ ਵਿਅਕਤੀਆ ਤੇ ਸੰਸਥਾਵਾਂ ਦੇ ਨਿਰੰਤਰ ਯਤਨਾਂ ਦੁਆਰਾ ਗੁਰਮਤਿ ਸੰਗੀਤ ਦੇ ਨਿਵੇਕਲੀ ਸੰਗੀਤ ਪਰੰਪਰਾ ਵਜੋਂ ਲਕਸ਼ ਉਘੜਨੇ ਸ਼ੁਰੂ ਹੋ ਗਏ।

ਇੱਕਵੀਂ ਸਦੀ ਦੇ ਅਰੰਭ ਤਕ ਸ਼ਬਦ ਕੀਰਤਨ ਪਰੰਪਰਾ ਨੂੰ ਅਕਾਦਮਿਕ ਤੌਰ ਤੇ ਗੁਰਮਤਿ ਸੰਗੀਤ ਦੇ ਨਾਮ ਨਾਲ ਪਛਾਣਿਆ ਜਾਣ ਲਗ ਪਿਆ। ਇਸ ਸਥਿਤੀ ਤਕ ਪਹੁੰਚਣ ਲਈ ਗੁਰਮਤਿ ਸੰਗੀਤ ਸਬੰਧੀ ਵਿਭਿੰਨ ਖੇਤਰਾਂ ਵਿੱਚ ਕੀਤੇ ਗਏ ਕਾਰਜ ਵਿਸ਼ੇਸ਼ ਹੈ। ਇਨ੍ਹਾਂ ਕਾਰਜਾਂ ਵਿੱਚ ਸਿਧਾਤਕ ਰੂਪ ਵਿੱਚ ਗੁਰਮਤਿ ਸੰਗੀਤ ਦੀ ਖੋਜ ਦਾ ਕਾਰਜ ਡਾ. ਭਾਈ ਚਰਨ ਸਿੰਘ, ਭਾਈ ਵੀਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਕਾਹਨ ਸਿੰਘ ਨਾਭਾ ਆਦਿ ਦੀ ਪਹਿਲੀ ਕਤਾਰ; ਪ੍ਰੋ. ਤਾਰਾ ਸਿੰਘ, ਡਾ. ਅਜੀਤ ਸਿੰਘ ਪੈਂਤਲ, ਡਾ. ਜਾਗੀਰ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ ਅਤੇ ਡਾ. ਗੁਰਨਾਮ ਸਿੰਘ ਆਦਿ ਵਿਦਵਾਨਾਂ ਦੀ ਦੂਸਰੀ ਕਤਾਰ ਅਤੇ ਇਸ ਤੋਂ ਬਾਅਦ ਇਸ ਦੇ ਖੋਜਾਰਥੀਆ ਜ਼ੁੰਮੇ ਆਇਆ ਜਿਨ੍ਹਾਂ ਨਿਰੰਤਰ ਆਪਣੀਆਂ ਲਿਖਤਾਂ ਤੇ ਖੋਜ ਕਾਰਜਾਂ ਦੁਆਰਾ ਗੁਰਮਤਿ ਸੰਗੀਤ ਦੀ ਸਿਧਾਂਤਕਤਾ ਨੂੰ ਬਾਣੀ, ਰਾਗ, ਗਾਇਨ ਰੂਪਾਂ ਆਦਿ ਦੇ ਪ੍ਰਸੰਗ ਵਿੱਚ ਵਿਸ਼ਲੇਸ਼ਣ ਕਰਨ ਦਾ ਮੁੱਢ ਬੰਨ੍ਹਿਆ।

ਗੁਰਮਤਿ ਸੰਗੀਤ ਦੀ ਕਿਰਿਆਤਮਕਤਾ ਦੇ ਖੇਤਰ ਵਿੱਚ ਭਾਵੇਂ ਗੁਰਮਤਿ ਸੰਗੀਤ ਸ਼ਬਦ ਕੀਰਤਨ ਨਿਰੰਤਰ ਰੂਪ ਵਿੱਚ ਗੁਰੂ ਘਰ ਦੀ ਕੀਰਤਨ ਪਰੰਪਰਾ ਦਾ ਵਿਹਾਰਕ ਅੰਗ ਰਿਹਾ ਪਰੰਤੂ ਇਸ ਦੀ ਕਿਰਿਆਤਮਕ ਸਥਾਪਤੀ ਸੁਰਲਿਪੀਬੱਧ ਪ੍ਰਕਾਸ਼ਿਤ ਕਾਰਜਾਂ ਨਾਲ ਸੰਪੂਰਨ ਰੂਪ ਵਿੱਚ ਪ੍ਰਗਟ ਹੋਈ। ਰਾਗੀ ਭਾਈ ਪ੍ਰੇਮ ਸਿੰਘ, ਭਾਈ ਸੁੰਦਰ ਸਿੰਘ ਤੋਂ ਬਆਦ ਗਿਆਨ ਸਿੰਘ ਐਬਟਾਬਾਦ ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ ਗੁਰਚਰਚਨ ਸਿੰਘ, ਭਾਈ ਸਰਵਣ ਸਿੰਘ ਗੰਧਰਬ, ਪ੍ਰਿੰ. ਦਿਆਲ ਸਿੰਘ ਆਦਿ ਤੋਂ ਬਾਅਦ ਜੱਵਦੀ ਟਕਸਾਲ ਦੀਆਂ ਪ੍ਰਕਾਸ਼ਨਾਵਾਂ ਦੇ ਨਾਲ ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ ਪ੍ਰੋ. ਪਰਮਜੋਤ ਸਿੰਘ ਆਦਿ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੀਆਂ ਪ੍ਰਕਾਸ਼ਨਾਵਾ ਸਾਹਮਣੇ ਆਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਅਤੇ ਹੋਰ ਸੰਸਥਾਵਾ ਦੁਆਰਾ ਕਰਵਾਏ ਰਾਗ ਦਰਬਾਰਾਂ ਨੇ ਗੁਰਮਤਿ ਸੰਗੀਤ ਨੂੰ ਕਿਰਿਆਤਮਕ ਰੂਪ ਵਿੱਚ ਸਰੂਪਿਤ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ, ਇਸ ਸਮੇਂ ਤਕ ਵਿਭਿੰਨ ਰਿਕਾਰਡਿੰਗ ਕੰਪਨੀਆਂ ਦੀ ਵਿਸ਼ੇਸ਼ ਰਾਗਾਤਮਕ ਰਿਕਾਡਿੰਗ ਵੀ ਪ੍ਰਮੁੱਖ ਰੂਪ ਵਿੱਚ ਸਾਹਮਣੇ ਆਈਆਂ ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਵੱਦੀ ਟਕਸਾਲ ਵਲੋਂ ਅਦੁਤੀ ਗੁਰਮਤਿ ਸੰਗੀਤ ਸੰਮੇਲਨ, ਭਾਈ ਅਵਤਾਰ ਸਿੰਘ ਵਲੋਂ ਮਿਊਜਕ ਟੂਡੇ ਅਤੇ ਡਾ. ਗੁਰਨਾਮ ਸਿੰਘ ਦੀ 31 ਰਾਗ ਅਤੇ 31 ਰਾਗ ਪ੍ਰਕਾਰਾਂ ਦੀ ਐਚ. ਐਮ. ਵੀ. ਵਲੋਂ ਆਦਿ ਰਿਕਾਰਡਿੰਗ ਵਿਸ਼ੇਸ਼ ਹਨ।

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤਕ ਸ਼ਬਦ ਕੀਰਤਨ ਦੇ ਸੁਗਮ ਸੰਗੀਤ ਪ੍ਰਭਾਵੀ ਸਰੂਪ ਦੀ ਤੁਲਨਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਤ ਰਾਗਾਂ ਦੀ ਪਰੰਪਰਾ ਨੇ ਆਪਣੇ ਵਿਸ਼ੇਸ਼ ਪਛਾਣ ਬਣਾ ਲਈ। ਵੀਹਵੀਂ ਸਦੀ ਦੇ ਅੰਤਿਮ ਦਹਾਕੇ ਦੇ ਅੰਤ ਤਕ ਅਕਾਦਮਿਕ ਪੱਧਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ +1 ਤੇ +2 ਵਿੱਚ ਗੁਰਮਤਿ ਸੰਗੀਤ ਨੂੰ ਵਿਸ਼ੇ ਵਜੋਂ ਲਾਗੂ ਕਰਨਾ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ (1993) ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ (1995) ਐਮ. ਏ. ਸੰਗੀਤ ਦੇ ਪਾਠਕ੍ਰਮ ਵਿੱਚ ਗੁਰਮਤਿ ਸੰਗੀਤ ਦੇ ਕੁਝ ਅੰਸ਼ ਸ਼ਾਮਲ ਕੀਤੇ ਗਏ। 1997 ਵਿੱਚ ਪੰਜਾਬੀ ਯੂਨੀਵਰਸਿਟੀ ਦੇ ਪੱਤਰ ਵਿਹਾਰ ਸਿੱਖਿਆ ਵਿਭਾਗ ਦੁਆਰਾ ਡਿਪਲੋਮਾ ਇਨ ਗੁਰਮਤਿ ਸੰਗੀਤ ਦਾ ਇੱਕ ਸੁਤੰਤਰ ਕੋਰਸ ਪ੍ਰਾਰੰਭ ਕੀਤਾ ਗਿਆ ਪਰੰਤੂ ਯੂਨੀਵਰਸਿਟੀ ਵਿਦਿਆ ਵਿੱਚ ਗੁਰਮਤਿ ਸੰਗੀਤ ਦੀ ਮਾਨਤਾ ਅਜੇ ਅਧੂਰੀ ਸੀ।

ਇੱਕਵੀ ਸਦੀ ਦੇ ਪਹਿਲੇ ਦਹਾਕੇ ਤਕ ਗੁਰਮਤਿ ਸੰਗੀਤ ਸਬੰਧੀ ਸਿਧਾਂਤਕ,ਵਿਹਾਰਕ ਤੇ ਇਤਿਹਾਸਕ ਖੋਜ ਕਾਰਜਾਂ ਤੋਂ ਇਲਾਵਾ ਗੁਰਮਤਿ ਸੰਗੀਤ ਸੇਵੀ ਵਿਦਵਾਨਾਂ ਅਤੇ ਸੰਸਥਾਵਾਂ ਦੇ ਯਤਨਾਂ ਦੁਆਰਾ ਸਿੱਖ ਸਮਾਜ ਅਤੇ ਸੰਗੀਤ ਸਮਾਜ ਵਿੱਚ ਗੁਰਮਤਿ ਸੰਗੀਤ ਪ੍ਰਤਿ ਚੇਤਨਾ ਦੀ ਚਿਣਗ ਲਗੀ। 2003 ਵਿੱਚ ਜਦੋਂ ਯੂਨੀਵਰਸਿਟੀ ਵਿੱਚ ਅਕਾਦਮਿਕ ਪੱਧਰ ਤੇ ਗੁਰਮਤਿ ਸੰਗੀਤ ਦੀ ਆਂਸ਼ਿਕ ਅਰੰਭਤਾ ਨੂੰ ਰੱਦ ਕਰਨ ਦੇ ਯਤਨਾਂ ਨੇ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਵਿਸ਼ੇਸ਼ ਪ੍ਰੇਰਕ ਵਜੋਂ ਕਾਰਜ ਕੀਤਾ। 2003 ਵਿੱਚ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਉਂਡੇਸ਼ਨ ਦੇ ਯਤਨਾਂ ਨਾਲ ਪੰਜਾਬੀ ਯੂਨੀਵਰਸਿਟੀ ਵਿੱਚ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ 2004 ਵਿੱਚ ਸੁਤਤਰ ਤੌਰ ਤੇ ਐਮ. ਏ. ਗੁਰਮਤਿ ਸੰਗੀਤ ਅਤੇ 2005 ਵਿੱਚ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ, ਵਿਸ਼ਵ ਪੱਧਰ ਤੇ ਗੁਰਮਤਿ ਸੰਗੀਤ ਦੀ ਪਛਾਣ ਸਥਾਪਤੀ ਲਈ ਮੁਬਾਰਕ ਕਦਮ ਸਨ। 2006 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਤੰਤੀ ਸਾਜ਼ਾਂ ਦੇ ਪੁਨਰ ਪ੍ਰਚਲਨ ਨਾਲ ਗੁਰਮਤਿ ਸੰਗੀਤ ਦੀ ਤੰਤੀ ਸਾਜ਼ ਪਰੰਪਰਾ ਨੂੰ ਵਿਸ਼ਵ ਪੱਧਰ ਤੇ ਹੁਲਾਰਾ ਮਿਲਿਆ ਅਤੇ ਨਵੀਂ ਪੀੜੀ ਦਾ ਆਕਰਸ਼ਣ ਗੁਰਮਤਿ ਸੰਗੀਤ ਅਤੇ ਇਸ ਦੀ ਤੰਤੀ ਸਾਜ਼ਾਂ ਪਰੰਪਰਾ ਪ੍ਰਤਿ ਵਧਿਆ। ਤੰਤੀ ਸਾਜ਼ਾਂ ਦੇ ਨਾਲ ਇਸ ਦੇ ਸਾਜ਼ਾਂ ਦੇ ਬਨਾਉਣ ਵਾਲੇ ਕਾਰੀਗਰਾਂ ਦੀ ਘੱਟ ਗਿਣਤੀ ਵੀ ਖਟਕਣ ਲੱਗੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਵਲੋਂ ਯੂਨੀਵਰਸਿਟੀ ਗਰਾਂਟ ਕਮਿਸ਼ਨ ਦੇ ਸਨਮੁਖ ਭਵਿੱਖ ਵਿੱਚ ਗੁਰਮਤਿ ਸੰਗੀਤ ਦੀ ਸਾਜ਼ ਕਲੋ ਵਿਕਸਤ ਕਰਨ ਦਾ ਪ੍ਰਸਤਾਵ ਰੱਖਿਆ। ਗੁਰਮਤਿ ਸੰਗੀਤ ਦੀਆਂ ਹੋਰ ਪ੍ਰਕਾਸ਼ਨਾਵਾਂ ਤੋਂ ਇਲਾਵਾ ਆਕਸਫੋਰਡ ਪਬਲੀਕੇਸ਼ਨਜ਼ ਵਿੱਚ ਗੁਰਮਤਿ ਸੰਗੀਤ ਨੂੰ ਵਿਸ਼ੇਸ਼ ਸਟੱਡੀਜ਼ ਵਲੋਂ ਸ਼ਾਮਲ ਕੀਤੇ ਜਾਣੇ ਅਤੇ ਪੰਜਾਬੀ ਯੂਨੀਵਰਸਿਟੀ ਦੁਆਰਾ ਬਹੁਭਾਸ਼ੀ ਗੁਰਮਤਿ ਸੰਗੀਤ ਟਰਮੀਨਾਲੋਜੀ (Gurmat Sangeet Terminology) ਦੀ ਪ੍ਰਕਾਸ਼ਨਾ ਇੱਕ ਹੋਰ ਸੁਭਾਗ ਕਦਮ ਸੀ।

ਇੱਕਵੀਂ ਸਦੀ ਦੇ ਦੂਸਰੇ ਦਹਾਕੇ ਤਕ ਗੁਰਮਤਿ ਸੰਗੀਤ ਅਕਾਦਮਿਕ ਪਛਾਣ ਵਿਸ਼ਵ ਭਰ ਵਿੱਚ ਸਥਾਪਤ ਹੋ ਚੁੱਕੀ ਹੈ। ਇਸ ਦੇ ਸਿਧਾਂਤਕ ਸਥਾਪਤੀ ਦੇ ਨਕਸ਼ ਉਘੜ ਚੁੱਕੇ ਹਨ। ਵਿਸ਼ਵ ਦੀਆਂ ਸੰਸਥਾਵਾਂ, ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ, ਅਕੈਡਮੀਆਂ ਅਤੇ ਗੁਰਦੁਆਰਾ ਸਾਹਿਬਾਨ ਸ਼ਬਦ ਕੀਰਤਨ ਦੁਆਰਾ ਗੁਰਮਤਿ ਸੰਗੀਤ ਦੀ ਗਾਇਨ, ਵਾਦਨ ਤੇ ਤਾਲ ਸਾਜ਼ ਪੰਰਪਰਾ ਨੂੰ ਪ੍ਰਫੁਲਤ ਕਰ ਰਹੇ ਹਨ। ਹੁਣ ਗੁਰਮਤਿ ਸੰਗੀਤ ਦੀ ਖੋਜ ਤੋਂ ਇਲਾਵਾ ਸੰਸਥਾਵਾਂ ਵਿੱਚ ਆਨ ਕੈਂਪਸ ਰੈਗੂਲਰ, ਡਿਸਟੈਂਸ ਐਜੂਕੇਸ਼ਨ ਤੇ ਆਨ ਲਾਈਨ ਤਿੰਨੇ ਪ੍ਰਣਾਲੀਆਂ ਦੁਆਰਾ ਅਧਿਆਪਨ ਕਰਵਾਇਆ ਜਾ ਰਿਹਾ ਹੈ ਜੋ ਐਲੀਮੈਂਟਰੀ ਪੱਧਰ ਤੋਂ ਪੀਐਚ.ਡੀ. ਤਕ ਜਾਰੀ ਹੈ।

ਉਕਤ ਪ੍ਰਾਪਤੀਆਂ ਦੇ ਸਨਮੁੱਖ ਹੁਣ ਗੁਰਮਤਿ ਸੰਗੀਤ ਪ੍ਰਤਿ ਸਾਡੀਆਂ ਜ਼ਿੰਮੇਵਾਰੀਆਂ ਅਤੇ ਚਣੌਤੀਆਂ ਵੀ ਵਿਸ਼ਾਲ ਰੂਪ ਵਿੱਚ ਸਾਡੇ ਸਹਾਮਣੇ ਹਨ। ਜ਼ਿੰਮੇਵਾਰੀ ਦੇ ਅਹਿਸਾਸ ਨਾਲ ਵੱਖ-ਵੱਖ ਸੰਸਥਾਵਾਂ, ਕਾਰਜਸ਼ੀਲ ਕੀਰਤਨੀਆਂ, ਸੰਗੀਤਕਾਰਾਂ, ਵਿਦਵਾਨਾਂ ਤੇ ਆਉਣ ਵਾਲੀ ਪੀੜੀ ਨੂੰ ਚੇਤੰਨ ਹੋਣ ਦੀ ਜ਼ਰੂਰਤ ਹੈ। ਹਰ ਪੱਧਰ ਤੇ ਗੁਰਮਤਿ ਸੰਗੀਤ ਦੀ ਮੌਲਿਕਤਾ ਤੇ ਪਰਮਾਣਿਕਤਾ ਨੂੰ ਵਿਸ਼ਵ ਸੰਗੀਤ ਅਤੇ ਪ੍ਰਚਲਿਤ

ਸ਼ਬਦ ਕੀਰਤਨ ਪਰੰਪਰਾ ਦੇ ਸਨਮੁੱਖ ਕਾਇਮ ਰੱਖਣਾ, ਸਮਕਾਲ ਵਿੱਚ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਤੇ ਗੰਭੀਰ ਚਣੌਤੀ ਹੈ। ਇਸ ਮੌਲਿਕਤਾ ਤੇ ਪਰਮਾਣਿਕਤਾ ਦਾ ਆਧਾਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਸ ਵਿੱਚ ਅੰਕਿਤ ਸੰਗੀਤ ਵਿਧਾਨ ਹੀ ਹੋ ਸਕਦਾ ਹੈ। ਵਿਅਕਤੀ ਵਿਸ਼ੇਸ਼ ਅਤੇ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਨੂੰ ਵੀ ਇਸੇ ਅਧਾਰ ’ਤੇ ਨਿਰਖਿਆ ਤੇ ਪਰਖਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਵਿਸ਼ਾਲ ਭੰਡਾਰ ਇਸ ਪਰੰਪਰਾ ਦੇ ਵਿਭਿੰਨ ਸਰੋਤਾਂ, ਮਰਿਆਦਾ ਤੇ ਪ੍ਰਚਲਨ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸਿਧਾਂਤ ਅਤੇ ਸ਼ਬਦ ਕੀਰਤਨ ਦੇ ਸੰਗੀਤ ਸਿਧਾਂਤ ਦੇ ਅਧਾਰ ਅਨੁਸਾਰ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ।ਇਸ ਦ੍ਰਿਸ਼ਟੀ ਤੋਂ ਭਵਿੱਖ ਵਿੱਚ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਅਸੀਮ ਸੰਭਾਵਨਾਵਾਂ ਇਸ ਮਾਰਗ ਦੇ ਪਾਂਧੀਆਂ ਦਾ ਇੰਤਜ਼ਾਰ ਕਰ ਰਹੀਆਂ ਹਨ।

ਗੁਰਮਤਿ ਸੰਗੀਤ ਕੋਲ ਮੌਲਿਕ ਵਿਸ਼ਾਲ ਰਾਗਾਤਮਕ ਖਜ਼ਾਨਾ ਹੈ ਜਿਸ ਨੂੰ ਸਮੁੱਚੇ ਵਿਸ਼ਵ ਦੇ ਸਨਮੁੱਖ ਪ੍ਰਕਾਸ਼ਿਤ ਕਰਨ ਦੀ ਜ਼ਰੂਰਤ ਹੈ। ਇਸ ਰਾਗਾਤਮਕ ਖਜ਼ਾਨੇ ਦੇ ਸਰੂਪਾਂ ਨੂੰ ਅਜੇ ਹੋਰ ਨਿਖਾਰਨ, ਸੁਆਰਨ, ਪਛਾਣਨ ਤੇ ਵਿਸਥਾਰ ਦੇਣ ਦੀ ਜ਼ਰੂਰਤ ਹੈ। ਸ਼ਬਦ ਕੀਰਤਨ ਰਚਨਾਵਾਂ, ਸਿਖਲਾਈ ਤੇ ਵਿਸ਼ਲੇਸ਼ਣ ਦੇ ਪੱਧਰ ’ਤੇ ਇਸ ਕਾਰਜ ਵਿੱਚ ਬਹੁਤ ਸੰਭਾਵਨਾਵਾਂ ਹਨ। ਸ਼ਬਦ ਕੀਰਤਨ ਰਚਨਾਕਾਰਾਂ ਲਈ ਇਹ ਵਿਸ਼ਾਲ ਸਰਮਾਇਆ ਹੈ। ਭਾਰਤੀ ਸੰਗੀਤ ਦੀ ਰਾਗ ਪਰੰਪਰਾ ਨੂੰ ਵੀ ਇਸ ਗੁਰਮਤਿ ਸੰਗੀਤ ਦੇ ਰਾਗ ਸਰਮਾਏ ਦੁਆਰਾ ਹੋਰ ਸਮ੍ਰਿਧੀ ਤੇ ਪਰਫੁਲਤਾ ਪਰਦਾਨ ਹੋਵੇਗੀ। ਇਸ ਰਾਗਾਤਮਕ ਸਰਮਾਏ ਦੇ ਪੈਰੋਕਾਰ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕਾਰਜਸ਼ੀਲ ਸੰਗੀਤਜੀਵੀ ਹੀ ਹਨ। ਉਨ੍ਹਾਂ ਨੂੰ ਸੁਖੈਨ ਰਾਹਾਂ ਦਾ ਤਿਆਗ ਕਰਕੇ ਇਨ੍ਹਾਂ ਮੌਲਿਕ ਰਾਗ ਸਰਮਾਇ ਦੀ ਸੁਰੱਖਿਆ ਸੰਭਾਲ ਤੇ ਪੁਨਰ ਪੇਸ਼ਕਾਰੀ ਕਰਨੀ ਹੋਵੇਗੀ।

ਗੁਰਮਤਿ ਸੰਗੀਤ ਦੇ ਖੇਤਰ ਵਿੱਚ ਸ਼ਬਦ ਕੀਰਤਨ ਰਚਨਾਵਾਂ ਦਾ ਇੱਕ ਵਿਸ਼ਾਲ ਸੁਰਲਿਪੀਬੱਧ ਪ੍ਰਕਾਸ਼ਿਤ ਖਜ਼ਾਨਾ ਮੌਜੂਦ ਹੈ। ਵਰਤਮਾਨ ਤਕ ਪਹੁੰਚਦਿਆਂ ਹੁਣ ਅਸੀਂ ਇਸ ਦੀ ਨਿਸ਼ਾਨ ਦੇਹੀ ਕਰਨ ਵਿੱਚ ਕਾਮਯਾਬ ਹੋ ਗਏ ਹਨ। ਗੁਰਮਤਿ ਸੰਗੀਤ ਨਾਲ ਸਬੰਧਿਤ ਟਕਸਾਲਾਂ, ਘਰਾਣਿਆਂ ਆਦਿ ਦੇ ਲਗਭਗ ਪਿਛਲੇ ਸੋ ਸਾਲਾਂ ਵਿੱਚ 60 ਦੇ ਕਰੀਬ ਸ਼ਬਦ ਕੀਰਤਨ ਰਚਨਾਕਾਰਾਂ ਦੀਆਂ ਅੱਠ ਹਜ਼ਾਰ ਤੋਂ ਵਧੀਕ ਰਚਨਾਵਾਂ ਸੰਗ੍ਰਹਿਤ ਕਰਨ ਵਿੱਚ ਕਾਰਜਬੱਧ ਹੋ ਸਕੇ। ਇਸ ਸੰਗ੍ਰਹਿ ਵਿੱਚ ਕੇਵਲ ਪੁਸਤਕ ਰੂਪ ਵਿੱਚ ਪ੍ਰਕਾਸ਼ਤ ਸ਼ਾਮਲ ਹਨ। ਆਡੀਓ ਵਿਜ਼ੂਅਲ ਤੇ ਲਾਈਵ ਰਿਕਾਰਡਿੰਗਜ਼ ਦੇ ਰੂਪ ਵਿੱਚ ਉਪਲਬੱਧ ਰਚਨਾਵਾਂ ਦੇ ਵੇਰਵੇ ਇਨ੍ਹਾਂ ਵਿੱਚ ਸ਼ਾਮਲ ਨਹੀਂ। ਇਹ ਵਿਸ਼ਾਲ ਸ਼ਬਦੀ ਕੀਰਤਨ ਰਚਨਾਵਾਂ ਦੇ ਖਜ਼ਾਨੇ ਨੂੰ ਸਾਡੇ ਕੀਰਤਨੀਏ ਅਤੇ ਗੁਰਮਤਿ ਸੰਗੀਤਕਾਰ ਅਜੇ ਬੁਨਿਆਦੀ ਰੂਪ ਵਿੱਚ ਵੀ ਪ੍ਰਯੋਗ ਨਹੀਂ ਕਰ ਰਹੇ। ਵਿਭਿੰਨ ਪੱਧਰਾਂ ਉਤੇ ਇਨ੍ਹਾਂ ਦਾ ਪ੍ਰਬੰਧ ਤੇ ਵਿਸ਼ਲੇਸ਼ਣ ਗੁਰਮਤਿ ਸੰਗੀਤ ਦੇ ਇੱਕ ਨਿਵੇਕਲੇ ਤੇ ਪਰਮਾਣਿਕ ਸਰੂਪ ਨੂੰ ਉਘਾੜਨ ਵਿੱਚ ਸਹਾਈ ਹੋਵੇਗਾ ਜਿਸ ਦੁਆਰਾ ਗੁਰਮਤਿ ਸੰਗੀਤ ਦੀ ਵਿਸ਼ਿਸ਼ਟ ਪ੍ਰਕਾਰ ਦੀ ਮੌਲਿਕਤਾ ਸਾਡੇ ਸਨਮੁਖ ਹੋਵੇਗੀ ਜੋ ਇਨ੍ਹਾਂ ਸੰਗੀਤ ਰਚਨਾਵਾਂ ਦੇ ਸਨਮੁਖ ਗੁਰਮਤਿ ਸੰਗੀਤ ਦੀ ਪ੍ਰਕ੍ਰਿਤੀ ਨੂੰ ਸਮਝਣ ਵਿੱਚ ਸਹਾਈ ਹੋਵੇਗੀ।

ਇਤਿਹਾਸਿਕ ਪਰਿਪੇਖ ਵਿੱਚ ਗੁਰਮਤਿ ਸੰਗੀਤ ਦੇ ਇਤਿਹਾਸਕ ਸਰਵੇਖਣ ਅਤੇ ਵਿਗਿਆਨਕ ਵਿਧੀ ਦੁਆਰਾ ਉਪਲਬੱਧ ਸਰੋਤਾਂ ਦੇ ਆਧਾਰ ’ਤੇ ਪੁਨਰ ਲੇਖਨ ਦੀ ਬੁਨਿਆਦੀ ਆਵੱਸ਼ਕਤਾ ਹੈ। ਸਰੋਤਾਂ ਦੇ ਵਖਰੇਵਿਆਂ ਅਤੇ ਝਮੇਲਿਆ ਤੋਂ ਬਚਣ ਲਈ ਜ਼ਰੂਰੀ ਹੈ ਕਿ ਗੁਰਮਤਿ ਤੇ ਗੁਰਬਾਣੀ ਦੇ ਅਧਾਰ ਸੰਦਰਭ ਤੇ ਪਰਿਪੇਖ ਵਿੱਚ ਗੁਰਮਤਿ ਸੰਗੀਤ ਦੇ ਇਤਹਾਸ ਦਾ ਲੇਖਨ ਕੀਤਾ ਜਾਵੇ ਅਤੇ ਵਧੀਕ ਵੇਰਵਿਆਂ ਤੇ ਵਖਰੇਵਿਆਂ ਨੂੰ ਅਣਡਿਠ ਕਰਕੇ ਸਕਾਰਾਤਮਕ ਪਹੁੰਚ ਦੁਆਰਾ ਗੁਰਮਤਿ ਸੰਗੀਤ ਲਈ ਲਾਹੇਵੰਦ ਇਤਿਹਾਸ ਦੀ ਪਕਾਸ਼ਨਾ ਕੀਤੀ ਜਾਵੇ ਤਾਂ ਜੋ ਇਸ ਖੇਤਰ ਦੀ ਨਵੀਂ ਪੀੜੀ ਇਸ ਇਤਿਹਾਸਕ ਅਧਿਐਨ ਤੋਂ ਸਹੀ ਸੇਧ ਪ੍ਰਾਪਤ ਕਰ ਸਕੇ।

ਗੁਰਮਤਿ ਸੰਗੀਤ ਦੇ ਸਿਧਾਂਤਕ ਖੇਤਰ ਵਿੱਚ ਅਧਿਐਨ ਦੇ ਪੱਧਰ ’ਤੇ ਖੋਜ ਕਾਰਜਾਂ ਦੀਆਂ ਅਜੇ ਬਹੁਤ ਸੰਭਾਵਨਾਵਾਂ ਹਨ। ਭਾਰਤੀ ਸੰਗੀਤ ਅਤੇ ਵਿਅਕਤੀ ਵਿਸ਼ੇਸ਼ ਜਾਂ ਸੰਸਥਾਵਾਂ ਆਦਿ ਦੇ ਨਿੱਜੀ ਪ੍ਰਭਾਵਾਂ ਤੋਂ ਉੱਪਰ ਉੱਠ ਕੇ ਸਿੱਖ ਧਰਮ ਦੀ ਕੇਂਦਰੀ ਗੁਰਮਤਿ ਵਿਚਾਰਧਾਰਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਕ

ਮੂੱਲਾਂ ਦੇ ਅਧਾਰ ਉੱਤੇ ਪਰਮਾਣਿਕ ਰੂਪ ਵਿੱਚ ਪਰਿਪੱਕਣ ਤੇ ਵਿਸ਼ਲੇਸ਼ਣ ਵਰਤਮਾਨ ਦੀ ਤੀਬਰ ਜ਼ਰੂਰਤ ਹੈ। ਅਕਾਦਮਿਕ ਪੱਧਰ ਤੇ ਅਧਿਐਨ ਤੇ ਉਚੇਰੀ ਖੋਜ ਵਿੱਚ ਅਜਿਹੀ ਪਹੁੰਚ ਦੀ ਘਾਟ ਰੜਕਦੀ ਹੈ। ਜੋ ਗੁਰਮਤਿ ਸੰਗੀਤ ਵਿਸ਼ੇ ਨੂੰ ਅਕਾਦਮਿਕ ਤੌਰ'ਤੇ ਆਉਣ ਵਾਲੇ ਸਮੇਂ ਹਾਨੀ ਵੀ ਪਹੁੰਚ ਸਕਦੀ ਹੈ। ਇਸ ਲਈ ਗੁਰਮਤਿ ਸੰਗੀਤ ਦੇ ਸਿਧਾਂਤਕਾਰ ਇਸ ਖੇਤਰ ਵਿੱਚ ਖੋਜ ਤੇ ਅਧਿਐਨ ਦੀਆਂ ਸੰਭਾਵਨਾਵਾਂ ਨੂੰ ਹੋਰ ਉਜਾਗਰ ਕਰਨ।

ਕਿਰਿਆਤਮਕ ਤੇ ਵਿਹਾਰਕ ਰੂਪ ਵਿੱਚ ਗੁਰਮਤਿ ਸੰਗੀਤ ਸਿੱਖ ਧਰਮ ਦੀ ਗੁਰਦੁਆਰਾ ਪਰੰਪਰਾ, ਸਿੱਖ ਸਮਾਜ ਤੇ ਅਕਾਦਮਿਕ ਪੱਧਰ 'ਤੇ ਕਾਰਜਸ਼ੀਲ ਹੈ। ਇਸ ਦਾ ਵਿਸ਼ਾਲ ਵਿਸਥਾਰ ਹੋ ਚੁੱਕਾ ਹੈ। ਗਲੋਬਲ ਪੱਧਰ ਉੱਤੇ ਇਸ ਦਾ ਪ੍ਰਯੋਗ ਹੋ ਰਿਹਾ ਹੈ। ਗੁਰਮਤਿ ਸੰਗੀਤ ਦੇ ਵਿਭਿੰਨ ਰੂਪਾਂ ਵਿੱਚ ਇਸ ਦਾ ਮੌਲਿਕ ਰੂਪ ਵਿਹਾਰਕ ਰੂਪ ਵਿੱਚ ਵਿਖਾਈ ਦੇਣ ਲੱਗ ਪਿਆ ਹੈ ਫਿਰ ਵੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਲੈ ਕੇ ਸਮੂਹ ਗੁਰੂ ਘਰਾਂ ਵਿੱਚ ਸ਼ਬਦ ਕੀਰਤਨ ਦੀ ਗੁਰਮਤਿ ਮਰਿਯਾਦਾ ਪ੍ਰਤਿ ਚੇਤਨਾ ਲਹਿਰ ਵਿਕਸਤ ਕਰਨ ਦੀਆਂ ਅਨੇਕ ਸੰਭਾਵਨਾਵਾਂ ਹਨ। ਕੀਰਤਨ ਕੌਸ਼ਲ ਦੇ ਨਾਲ ਗੁਰਮਤਿ ਸੰਗੀਤ ਦੇ ਮੌਲਿਕ ਸਰੂਪ ਤੇ ਸਥਾਪਤ ਪਰੰਪਰਾ ਤੇ ਮਰਿਯਾਦਾ ਦਾ ਅਨੁਸਰਨ ਤੇ ਪਾਲਣ ਇਸ ਦੇ ਸੰਭਾਵੀਂ ਖੋਰੇ ਨੂੰ ਰੋਕ ਲਵੇਗਾ। ਵਿਹਾਰਕ ਰੂਪ ਵਿੱਚ ਵਕਤੀ ਪ੍ਰਭਾਵ, ਸਮਕਾਲੀ ਪ੍ਰਭਾਵ ਉੱਤੇ ਭਾਵੇਂ ਉਤਪੰਨ ਹੁੰਦੇ ਰਹਿਣਗੇ ਪਰੰਤੂ ਜੇਕਰ ਇਸ ਪਰੰਪਰਾ ਦੀ ਰਾਗਾਤਮਿਕਤਾ ਤੇ ਗੁਰਮਤਿ ਨੂੰ ਕਾਇਮ ਰੱਖ ਸਕੇ ਤਾਂ ਗੁਰਮਤਿ ਸੰਗੀਤ ਦੀ ਮੌਲਿਕਤਾ ਤੇ ਪ੍ਰਕ੍ਰਿਤੀ ਦੀ ਬੁਨਿਆਦ ਪਕੇਰੀ ਹੋਣ ਦੇ ਨਾਲ ਵਿਸਥਾਰ ਗ੍ਰਹਿਣ ਕਰਨ ਦੀ ਸੰਭਾਵਨਾ ਰੱਖਦੀ ਹੈ।

ਗੁਰਮਤਿ ਸੰਗੀਤ ਦੇ ਗਾਇਨ ਵਾਗੂੰ ਸਾਜ਼ ਪਰੰਪਰਾ ਵੀ ਮੌਲਿਕ ਤੇ ਵਿਸ਼ਾਲ ਰੂਹ ਵਿੱਚ ਪ੍ਰਗਟ ਹੋ ਰਹੀ ਹੈ। ਇੱਕਵੀਂ ਸਦੀ ਦੇ ਪਹਿਲੇ ਦਹਾਕੇ ਤਕ ਸ਼ਬਦ ਕੀਰਤਨ ਵਿੱਚ ਤੰਤੀ ਸ਼ਾਜਾਂ ਦੇ ਵਾਦਨ ਦੇ ਨਾਲ ਨਾਲ, ਸਾਜਾਂ ਦੀ ਸਿਖਲਾਈ ਅਤੇ ਸਾਜ਼ ਘੜ੍ਹਨ ਦੀ ਕਲਾ "ਸਾਜ਼ ਕਲਾ" ਵੀ ਵਿਕਸਤ ਹੋਵੇਗੀ। ਇਹ ਨਵੀਨ ਖੇਤਰ ਨਾ ਕੇਵਲ ਗੁਰਮਤਿ ਸੰਗੀਤ ਖੇਤਰ ਸੰਗੀਤਕਾਰਾਂ ਸਗੋਂ ਵਿਸ਼ਵ ਭਰ ਦੇ ਸੰਗੀਤ ਪ੍ਰੇਮੀਆਂ ਲਈ ਹਰ ਪੱਧਰ ਉੱਤੇ ਅਕਰਸ਼ਣ ਤੇ ਦਿਲਚਸਪੀ ਰੱਖਦਾ ਹੈ। ਇਸ ਮਹੱਤਵ ਨੂੰ ਕਾਇਮ ਰੱਖਣ ਲਈ ਇਸ ਖੇਤਰ ਵਿੱਚ ਕਾਰਜਸ਼ੀਲ ਵਿਅਕਤੀ ਤੇ ਸੰਸਥਾਵਾ ਨੂੰ ਹੋਰ ਪ੍ਰਬੁੱਧ, ਪਰਿਪੱਕ ਹੋਣ ਦੀ ਜ਼ਰੂਰਤ ਹੈ ਤਾਂ ਜੋ ਵਰਤਮਾਨ ਵਿੱਚ ਉਪਲਬੱਧ ਇਸ ਸ਼ਕਤੀਸ਼ਾਲੀ ਸੰਭਾਵਨਾ ਨੂੰ ਸਹੀ ਦਿਸ਼ਾ ਵਿੱਚ ਪ੍ਰਯੋਗ ਕਰਦਿਆਂ ਉਚਤਮ ਸਕਾਰਾਤਮਕ ਪ੍ਰਾਪਤੀਆਂ ਕੀਤੀਆਂ ਜਾ ਸਕਣ। ਇਸ ਲਈ ਵਿਹਾਰਕ ਰੂਪ ਵਿੱਚ ਤੰਤੀ ਸਾਜ਼ ਵਾਦਨ ਨੂੰ ਸ਼ਬਦ ਕੀਰਤਨ ਦਾ ਅਨਿਖੜ ਅੰਗ ਬਣਾਉਣ, ਸਿਖਲਾਈ ਦੇ ਵਧੇਰੇ ਅਵਸਰ ਤਿਆਰ ਕਰਨ ਤੋਂ ਇਲਾਵਾ ਗੰਭੀਰ ਰੂਪ ਵਿੱਚ ਸਾਜ਼ ਕਲਾ ਨੂੰ ਸੁਤੰਤਰ ਰੂਪ ਵਿੱਚ ਵਿਕਸਿਤ ਕਰਨ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਗੁਰਮਤਿ ਸੰਗੀਤ ਸਾਜ਼ੀਨੋ ( GurmatSangeetOrchestra) ਨੂੰ ਵਿਸ਼ਵ ਸਾਜ਼ ਵਾਦਨ ਦੇ ਸਨਮੁਖ ਸਰੂਪਿਤ ਕਰਨ ਦੀ ਜ਼ਰੂਰਤ ਹੈ। ਉਕਤ ਯਤਨ ਗੁਰਮਤਿ ਸੰਗੀਤ ਵਿੱਚ ਪ੍ਰਵੇਸ਼ ਹੋਣ ਵਾਲੀ ਨਵੀਂ ਪੀੜੀ ਲਈ ਰੁਜ਼ਗਾਰ ਦੇ ਨਾਲ ਬੇਹਤਰ ਜੀਵਨ ਦੀਆ ਅਨੇਕ ਸੰਭਾਵਨਾਵਾਂ ਰੱਖਦਾ ਹੈ। ਇਸ ਸਬੰਧੀ ਵਿਸਥਾਰ ਸਹਿਤ ਵਿਗਿਆਨਕ ਤਰੀਕੇ ਨਾਲ ਵਿਚਾਰ ਤੇ ਅਧਿਐਨ ਕੀਤਾ ਜਾ ਸਕਦਾ ਹੈ ਤਾਂ ਜੋ ਸਵੈਮੁਖੀ ਸਿੱਖਿਆ ਦੇ ਵਕਤੀ ਤੇ ਵਿਆਕਤੀਗਤ ਲਾਭਾਂ ਤੋਂ ਉੱਪਰ ਉੱਠ ਕੇ ਗੁਰਮਤਿ ਸੰਗੀਤ ਦੇ ਵਡੇਰੇ ਸਾਰਥਕ ਨਤੀਜੇ ਸਾਹਮਣੇ ਆ ਸਕਣ।

ਗੁਰਮਤਿ ਸੰਗੀਤ ਖੇਤਰ ਵਿੱਚ ਕਾਰਜਸ਼ੀਲ ਸਾਡੇ ਸਾਰਿਆਂ ਲਈ ਵਰਤਮਾਨ ਦਾ ਇਹ ਸਮਾਂ ਤਸੱਲੀ ਭਰਿਆ ਹੈ ਕਿ ਅਸੀਂ ਇਸ ਵਿਸ਼ੇ ਦੀ ਸਥਾਪਤੀ ਦਾ ਇੱਕ ਸਫ਼ਰ ਤੈਅ ਕਰਕੇ ਇੱਕ ਨਵੇਂ ਸਫ਼ਰ ਦੀ ਤਿਆਰੀ ਦੇ ਮੁਕਾਮ'ਤੇ ਪੁਜ ਗਏ ਹਾਂ। ਸਿੱਖ ਗੁਰੂ ਸਾਹਿਬਾਨ ਦੁਆਰਾ ਸਿੱਖ ਧਰਮ ਦੇ ਪੈਰੋਕਾਰਾਂ ਰਾਹੀਂ ਸਮੁਚੀ ਮਾਨਵਤਾ ਨੂੰ ਪ੍ਰਦਾਨ ਕੀਤੀ ਗਈ ਸੰਗੀਤ ਕਲਾ'ਗੁਰਮਤਿ ਸੰਗੀਤ'ਵਿੱਚ ਵਿਸਥਾਰ ਤੇ ਪ੍ਰਾਪਤੀਆਂ ਦੀਆਂ ਅਜੇ ਅਨੇਕ ਸੰਭਾਵਨਾਵਾਂ ਮੌਜੂਦ ਹਨ। ਸਿਦਕ ਤੇ ਸਾਧਨਾ ਨਾਲ ਇਸ ਖੇਤਰ ਵਿੱਚ ਵਿਚਰਦੇ ਹੋਏ ਅਸੀਂ ਸਾਰੇ ਹਰ ਪੱਧਰ'ਤੇ ਸਫਲਤਾਵਾਂ ਪ੍ਰਾਪਤ ਕਰਾਂਗੇ ਸਾਨੂੰ ਪੂਰਨ ਤੇ ਵਿਸ਼ਵਾਸ਼ ਹੈ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ

ਡਾਕਟਰ ਜਾਗੀਰ ਸਿੰਘ

ਭਾਈ ਸੱਤਾ ਅਤੇ ਭਾਈ ਬਲਵੰਡ ਰਬਾਬੀ ਦਾ ਨਾਂ ਸਿੱਖ ਜਗਤ ਵਿੱਚ ਬੜਾ ਚਰਚਿਤ ਹੈ। ਆਪ ਗੁਰੂ ਘਰ ਦੇ ਅਨਿੰਨ ਕੀਰਤਨੀਏ ਸਨ। ਸਿੱਖ ਇਤਿਹਾਸ ਅਨੁਸਾਰ ਭਾਈ ਬਲਵੰਡ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਤਕ ਕੀਰਤਨ ਦੀ ਸੇਵਾ ਕੀਤੀ। ਆਪ ਵੱਲੋਂ ਰਾਗ ਰਾਮਕਲੀ ਵਿੱਚ ਰਚੀ ਵਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਹੈ। ਸਿੱਖ ਜਗਤ ਵਿਚ ਇਸ ਵਾਰ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਵਾਰ ਵਿੱਚ ਗੁਰ ਇਤਿਹਾਸ ਨਾਲ ਸਬੰਧਤ ਕਈ ਮਹੱਤਵਪੂਰਨ ਵੇਰਵੇ ਮਿਲਦੇ ਹਨ। ਇਸ ਵਾਰ ਬਾਰੇ ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਇਸ ਵਾਰ ਦੇ ਵਾਰ ਵਾਰ ਪਾਠ ਕਰਨ ਨਾਲ ਸਰੀਰਕ ਕਸ਼ਟ ਦੂਰ ਹੁੰਦੇ ਹਨ।

ਬਲਵੰਡ ਰਬਾਬੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ। ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ –

ਬਲਵੰਡ ਰਬਾਬੀ ਤੁਮ ਸੰਗ ਜਾਵੈ॥
ਸਮੇ ਸਮੇ ਹਰਿ ਕੀਰਤਨ ਗਾਵੈ॥ [1]

ਭਾਈ ਸੰਤੋਖ ਸਿੰਘ ਅਨੁਸਾਰ ਭਾਈ ਸੱਤਾ ਵੀ ਬਲਵੰਡ ਨਾਲ ਕੀਰਤਨ ਕਰਦਾ ਸੀ–

ਹੁਤੋ ਡੂਮ ਬਲਵੰਡ ਮਹਾਨਾ॥
ਸੱਤਾ ਤਿਸਕੋ ਅਨੁਜ ਸੁਜਾਨਾ॥ [2]

ਇਤਿਹਾਸ ਵਿੱਚ ਅਜਿਹਾ ਭੀ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਲਵੰਡ ਰਬਾਬੀ ਦੀ ਸੰਭਾਲ ਲਈ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਇਸ ਦੀ ਸੰਭਾਲ ਇਸ ਤਰ੍ਹਾਂ ਕਰਨੀ ਹੈ ਜਿਵੇਂ ਬੱਤੀ ਦੰਦਾਂ ਵਿੱਚ ਜੀਭ ਰੱਖੀ ਦੀ ਹੈ।

ਬਲਵੰਡ ਰਬਾਬੀ ਸਤਿਗੁਰ ਦੇ ਸਨਮੁਖ ਬਹੈ।
ਚੌਕੀ ਸਬਦ ਸੁਨਾਇ ਸਦਾ ਸੁਖ ਮੋ ਰਹੈ।
ਗੁਰ ਬਾਬੇ ਕਹੀ ਸੁ ਪਾਸ ਇਸੇ ਇਮ ਰਾਖੀਐ।
ਹੋ ਜਿਮ ਦਾਤਨ ਮੋ ਜੀਭ ਵਚਨ ਸਭ ਭਾਖੀਐ। [3]

ਮਹਿਮਾ ਪ੍ਰਕਾਸ਼ (ਵਾਰਤਕ) ਵਿੱਚ ਲਿਖਿਆ ਹੈ–ਬਲਵੰਡ ਮੇਰਾ ਰਬਾਬੀ ਹੈ। ਇਸ ਕੋ ਨਾਲ ਲੈ ਜਾਈਐ। ਤੁਸਾਡੇ ਰੋਬਰੋ (ਰੂਬਰੂ) ਸਬਦ ਕੀ ਚਉਕੀ ਕਰੇਗਾ। ਇਸ ਕੋ ਇਉ ਰਖਨਾ ਜਿਉ ਦੰਦਾ ਮੇ ਜੀਭ ਰਹਦੀ ਹੈ। ਅਰ ਹੋਰ ਸਭ ਮਿਲਾਪੀਆ ਨੂੰ ਮੇਰੀ ਆਗਿਆ ਹੈ। [4]

ਉਸ ਦਿਨ ਤੋਂ ਬਾਅਦ ਬਲਵੰਡ ਗੁਰੂ ਅੰਗਦ ਦੇਵ ਜੀ ਨਾਲ ਪੂਰੀ ਤਰ੍ਹਾਂ ਜੁੜ ਗਿਆ। ਗੁਰਿਆਈ ਮਿਲਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਕੁਝ ਸਮਾਂ ਲੋਪ ਹੋ ਗਏ ਸਨ। ਬਾਬਾ ਬੁੱਢਾ ਜੀ ਨੇ ਜਦੋਂ ਉਹਨਾਂ ਦੀ ਭਾਲ ਕੀਤੀ ਤਾਂ ਇਸ ਸਾਰੇ ਪ੍ਰਸੰਗ ਵਿੱਚ ਭਾਈ ਬਲਵੰਡ ਦਾ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਆਉਂਦਾ ਹੈ। ਭਾਈ ਬਲਵੰਡ ਛੇ ਮਹੀਨੇ ਗੁਰੂ ਦੇ ਦਰਸ਼ਨਾਂ ਦੀ ਆਸ ਵਿੱਚ ਬੈਠਾ ਰਿਹਾ। ਮਹਿਮਾ ਪ੍ਰਕਾਸ਼ ਇਹ ਸਾਖੀ ਬੜੇ ਰੌਚਕ ਢੰਗ ਨਾਲ ਬਿਆਨ ਕੀਤੀ ਹੈ–

ਤਬ ਬੁੱਢਾ ਖਡੂਰ ਕੋ ਆਇਆ, ਮਾਈ ਬਿਰਾਈ ਕੇ ਘਰ। ਮਾਈ ਬਿਰਾਈ ਬੈਠੀ ਥੀ। ਅਰ ਬਲਵੰਡ ਭੀ ਉਥੇ ਥਾ। ਬੁਢੇ ਨੇ ਮਾਈ ਕੋ ਪੈਰੀ ਪਉਨਾ ਕੀਆ ਅਰ ਮਾਈ ਨੂੰ ਆਖਿਆ–ਸਾਨੂੰ ਬੜੀ ਲੋਚਾ ਹੈ ਗੁਰੂ ਕਾ ਦਰਸਨ ਕਰਾਉ। ਤਬ ਮਾਈ ਨੇ ਆਖਿਆ– ਗੁਰੂ ਕੀ ਗੁਰੂ ਜਾਣੇ। ਜਿਥੇ ਤੈਨੂੰ ਗੁਰੂ ਨਜਰ ਆਵਦਾ ਹੈ ਉਥਊ ਲੱਭ ਲੈ। ਤਬ ਬੁਢੇ ਆਖਿਆ– ਮਾਈ ਤੇਰੇ ਮਥੇ ਮਾਲੂਮ ਹੋਵਦਾ ਹੈ। ਜੋ ਗੁਰੂ ਤੇਰੇ ਘਰ ਮੋ ਹੈ। ਅਰ ਮੈਨੂੰ ਗੁਰੂ ਕਾ ਵਚਨ ਹੈ, ਜਿਥੇ ਮੈ ਹੋਵਾਗਾ ਤਿਥੇ ਤੈਨੂ ਦਰਸਨ ਦੇਵਾਗਾ। ਤਬ ਬਲਵੰਡ ਆਖਿਆ– ਭਾਈ ਬੁਢਿਆ ਛੇ ਮਹੀਨੇ ਹੋਏ ਹੈ ਸਾਨੂੰ ਦੁਆਰੇ ਉਪਰਿ ਬੈਠਿਆ ਨੂੰ। ਭਲਾ

ਹੋਇਆ ਤੂਆਇਆ ਹੈ। ਤੈਨੂੰ ਬਾਬਾ ਜੀ ਕੀ ਖੁਸੀ ਹੈ। ਭਲਾ ਕਰੇ ਦੁਆਰਾ ਖੋਲੇ। ਤੂੰ ਦਰਸਨ ਕਰੇ ਅਰ ਸਾਨੂੰ ਕਰਾਵੈ। ਤਬ ਬੁੱਢੇ ਦੁਆਰਾ ਖੋਲਿਆ। ਸ੍ਰੀ ਗੁਰੂਕੇ ਚਰਨ ਕੇ ਆਗੇ ਜਾਇ ਪੜੇ ਅਰ ਬਲਵੰਡ ਨੇ ਰਬਾਬ ਬਜਾਇਆ। ਮਾਈ ਬਿਰਾਈ ਅਉਰ ਬੁੱਢਾ ਦਰਸਨ ਤੇ ਲਗੇ ਕਰਨ। ਅਰ ਬਲਵੰਡ ਕੀਰਤਨ ਲੱਗਾ ਕਰਨ। ––––
ਗੁਰੂ ਜੀ ਸਿੰਘਾਸਨ ਪਰ ਆਨ ਬੈਠੇ। ਬਲਵੰਡ ਰਬਾਬੀ ਸਬਦ ਕੀ ਚਉਕੀ ਕੀਆ।[5]

ਇਕ ਸਮੇਂ ਭਾਈ ਬੁੱਢੇ ਨੂੰ ਕੀਰਤਨ ਨਾ ਸੁਣਾਉਣ ਕਾਰਨ ਗੁਰੂ ਜੀ ਬਲਵੰਡ ਨਾਲ ਨਾਰਾਜ਼ ਹੋਏ ਪਰ ਬਾਅਦ ਵਿੱਚ ਮੁਆਫ ਕਰ ਦਿੱਤਾ–

ਤਬ ਬਲਵੰਡ ਨੇ ਅਰਦਾਸ ਕੀਤੀ– ਮੇਹਰਵਾਨ ਮੈ ਬਡਾ ਪਾਪੀ ਹਾ ਮੈਨੂ ਕ੍ਰਿਪਾ ਕਰਕੇ ਬਖਸੀਏ। ਤਬ ਗੁਰੂ ਜੀ ਕਿਰਪਾ ਕੇ ਘਰ ਆਏ। ਤਬ ਆਗਿਆ ਹੋਈ– ਕੁਝ ਉਸਤਤ ਕਰ। ਤਬ ਬਲਵੰਡ ਆਖਿਆ– ਮੇਹਰਵਾਨ ਮੇਰੇ ਪਾਸੋ ਕੁਛ ਨਹੀ ਹੋਦਾ। ਮੈ ਬਡਾ ਗੁਨਹਗਾਰ ਹਾ। ਆਗਿਆ ਹੋਈ– ਮੇਰੇ ਬਚਨ ਕਰਕੇ ਤੂੰ ਉਸਤਤ ਕਰਿ। ਤਬ ਬਲਵੰਡ ਨੇ ਟਿਕੇ ਕੀ ਵਾਰ ਆਖੀ। ਤਬ ਗੁਰੂ ਜੀ ਕੀ ਖੁਸੀ ਹੋਈ। ਤਬ ਬਲਵੰਡ ਕੇ ਘਟ ਮੇ ਬਾਨੀ ਕਾ ਨਿਵਾਸ ਹੋਆ।[6]

ਸੱਤੇ ਅਤੇ ਬਲਵੰਡ ਦੁਆਰਾ ਰਚੀ ਵਾਰ ਦੀ ਪ੍ਰਸ਼ੰਸਾ ਬਾਰੇ ਵੀ ਹਵਾਲੇ ਪ੍ਰਾਪਤ ਹੁੰਦੇ ਹਨ–

ਪੌੜੀ ਕਰੀ ਬਲਵੰਡ ਇਹ ਟਿਕੇ ਕੀ ਵਾਰ ਮਿਲਾਇ।
ਸੋਹਤ ਸ੍ਰੀ ਗ੍ਰੰਥ ਮੋ ਸਭ ਕੋ ਗਾਵਤ ਤਾਹ।
ਸੁਨ ਬਾਕ ਬਿਲਾਸ ਬਲਵੰਡ ਕੇ ਸਤਿਗੁਰ ਭਏ ਪ੍ਰਸੰਨ।
ਪਉੜੀ ਸੁਨ ਕਰ ਵਾਰ ਕੀ ਸਭ ਲੋਕ ਕਰੇਂ ਧਨ ਧੰਨ।[7]

ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਜਦੋਂ ਕਿਸੇ ਗੁਰੂ ਸਾਹਿਬ ਨੂੰ ਗੁਰਿਆਈ ਦਾ ਟਿੱਕਾ ਲੱਗਦਾ ਉਦੋਂ ਭਾਈ ਸੱਤਾ ਅਤੇ ਬਲਵੰਡ ਉਸ ਗੁਰੂ ਸਾਹਿਬ ਦੀ ਉਸਤਤ ਵਿੱਚ ਵਾਰ ਦੀ ਪਉੜੀ ਉਚਾਰਦੇ। ਇਸੇ ਕਾਰਨ ਇਹਨਾਂ ਦੁਆਰਾ ਰਚੀ ਵਾਰ ਨੂੰ ਟਿੱਕੇ ਦੀ ਵਾਰ ਵੀ ਕਿਹਾ ਜਾਂਦਾ ਹੈ। ਗੁਰ ਗੱਦੀ ਮਿਲਣ ਉਪਰੰਤ ਗੁਰ ਅਮਰ ਦਾਸ ਜੀ ਨੇ ਜਦੋਂ ਪਹਿਲਾ ਦੀਵਾਨ ਲਗਾਇਆ ਉਦੋਂ ਭਾਈ ਸਤਾ ਅਤੇ ਭਾਈ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂ ਅਮਰ ਦਾਸ ਜੀ ਬਾਰੇ ਪਉੜੀ ਉਚਾਰੀ–

ਬਲਵੰਡ ਰਬਾਬੀ ਸਤਾ ਆਏ।
ਅਦਭੁਤ ਦਰਸਨ ਸਤਿਗੁਰ ਪਾਏ।
ਤਿਨ ਧੁਨ ਰਬਾਬ ਕਰ ਉਸਤਤ ਕਰੀ।
ਟਿਕੇ ਵਾਰ ਕੀ ਪਉੜੀ ਕਰੀ।[8]

ਅਤੇ ਫਿਰ ਹਰ ਰੋਜ਼ ਅੰਮ੍ਰਿਤ ਵੇਲੇ ਕੀਰਤਨ ਕਰਦੇ ਸਨ–

ਸਾਹਿਬ ਸਿਘਾਸਨ ਪਰ ਆ ਬੈਠੇ। ਬਲੂ ਮੋਰਛਲੁ ਲਗਾ ਕਰਨੇ। ਤਬ ਸਤਾ ਬਲਵੰਡ ਰਬਾਬੀ ਆਨ ਕਰ ਭਜਨ ਲਗੇ ਕਰਨੇ। ––––ਜਬ ਪ੍ਰਭਾਤ ਹੋਤਾ ਤਬ ਬਲਵੰਡ ਅਰ ਸਤਾ ਸਬਦ ਕੀ ਚਉਕੀ ਕਰਤੇ ਥੇ।[9]

ਸਾਰੇ ਗੁਰੂ ਸਾਹਿਬਾਨ ਦੇ ਦਰਬਾਰ ਵਿੱਚ ਅਨੇਕ ਰਬਾਬੀਆਂ ਵੱਲੋਂ ਰਾਗ ਮਈ ਕੀਰਤਨ ਕਰਨ ਦਾ ਜ਼ਿਕਰ ਆਉਂਦਾ ਹੈ। ਪਰ ਇਹਨਾਂ ਵਿੱਚੋਂ ਬਲਵੰਡ ਰਬਾਬੀ ਪਰਮੁਖ ਦਰਸਾਇਆ ਜਾਂਦਾ ਹੈ। ਭਾਈ ਸੰਤੋਖ ਸਿੰਘ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੀ ਕੀਰਤਨ ਮਰਯਾਦਾ ਬਾਰੇ ਲਿਖਦੇ ਹਨ:

ਭਈ ਜਗਤ ਮੇ ਬਿਦਤ ਸੁ ਬਾਤੀ।
ਆਇ ਅਨੇਕ ਖਰੇ ਹੁਇ ਪ੍ਰਾਤੀ।
ਸੰਕਟ ਨਸੂਹਿ ਮਦਨ ਸਿਧਾਰਹਿ।
ਜਹਿ ਕਹਿ ਸ੍ਰੀ ਗੁਰ ਸੁਜਸ ਬਿਥਾਰਹਿ।
ਬਹੁਰ ਰਬਾਬੀ ਕਿਰਤਨ ਗਾਵੈਂ।
ਸੁਨਹਿ ਬੀਚ ਸੰਗਤਿ ਹਰਖਾਵੈਂ।

ਬੈਠ ਰਹੈਂ ਸਿਘਾਸਨ ਫੇਰ।
ਸਿਖ ਸੰਗਤਿ ਸਭ ਦਰਸਨੁ ਹੇਰਿ।
... ... ... ... ... ...
ਸਭਾ ਬਿਖੈ ਸੁਭ ਆਸਨ ਬੈਸੇਂ।
ਮੁਨਿ ਗਨਿ ਸਹਿਤ ਸੰਭੁ ਹੁਇ ਜੈਸੇ।
ਚਹੁ ਦਿਸ ਪਰਵਾਰਤਿ ਸਿਖ ਆਇ।
ਰੁਚਿਰ ਰਬਾਬੀ ਰਾਗਨਿ ਗਾਇ।[10]

ਇਸੇ ਤਰ੍ਹਾਂ ਗੁਰੂਅਮਰ ਦਾਸ ਜੀ ਦੇ ਗੁਰਿਆਈ ਕਾਲ ਵਿੱਚ ਗੋਇੰਦਵਾਲ ਵਿਖੇ ਵੀ ਰਬਾਬੀਆਂ ਦੇ ਕੀਰਤਨ ਕਰਨ ਦਾ ਜਿਕਰ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ-

ਪ੍ਰਾਤਿ ਹੋਤਿ ਲਗ ਇਸੀ ਬਿਧੀ ਇਸਥਿਰਤਾ ਪਾਵੈ।
ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁ ਗਾਵੈ।
ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ।
ਮਨੋ ਮਧੁਰ ਘਨ ਗਰਜੇਤ ਜਯੋਂ ਮੋਰ ਸੁਹੰਦੇ।
... ... ... ... ...
ਆਵੇ ਚੌਥੇ ਜਾਮ ਦਨ ਇਤਿਹਾਸੁ ਪ੍ਰਕਾਸੇ।
ਸੁਨੈ ਸਤਿਗੁਰ ਬੈਠਿ ਕਰਿ ਸੰਗਤਿ ਹਿਕ ਪਾਸੇ।
ਬਹੁਤ ਰਬਾਬੀ ਆਇ ਕਰਿ ਗੁਰ ਸਬਦ ਸੁਨਾਵੈ।
ਰਾਗ ਰਾਗਨੀ ਧੁਨਿ ਸਤਹ ਸੁੰਦਰ ਬਿਧਿ ਗਾਵੈ।
ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈ।
ਸਿਮਰਨ ਹੁਇ ਸਤਿਨਾਮ ਕੋ ਇਕਹ ਚਿਤਲਿਵ ਲਾਵੈ।[11]

ਗੁਰਮਤਿ ਦੇ ਪ੍ਰਚਾਰ ਲਈ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ, ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ, ਗੁਰੂ ਅਰਜਨ ਦੇਵ ਜੀ ਨੇ ਤਰਤਤਾਰਨ ਸਾਹਿਬ ਨੂੰ ਵਿਕਸਿਤ ਕੀਤਾ। ਗੁਰੂ ਹਰਗੋਬਿੰਦ ਸਾਹਿਬ ਕਰਤਾਰਪੁਰ (ਭਾਰਤੀ ਪੰਜਾਬ), ਗੁਰੂ ਗੋਬਿੰਦ ਸਿੰਘ ਦੁਆਰਾ ਕੀਰਤਪੁਰ ਸਾਹਿਬ, ਆਨੰਦਪੁਰ ਸਾਹਿਬ, ਆਨੰਦਪੁਰ ਸਾਹਿਬ, ਦਮਦਮਾ ਸਾਹਿਬ, ਪਾਉਂਟਾ ਸਾਹਿਬ, ਹਜੂਰ ਸਾਹਿਬ (ਨੰਦੇੜ) ਵਿਖੇ ਗੁਰੂ ਘਰਾਂ ਦੇ ਰੂਪ ਵਿੱਚ ਸਿੱਖੀ ਦੇ ਪਰਚਾਰ ਕੇਂਦਰ ਸਥਾਪਤ ਕੀਤੇ। ਇਨ੍ਹਾਂ ਸਥਾਨਾਂ ਤੇ ਕੀਰਤਨ ਨੂੰ ਦੈਨਿਕ ਮਰਿਆਦਾ ਦਾ ਪ੍ਰਮੁੱਖ ਅੰਗ ਬਣਾਇਆ। ਗੁਰ ਦਰਬਾਰ ਦਾ ਆਰੰਭ ਅਤੇ ਸਮਾਪਤੀ ਸ਼ਬਦ ਕੀਰਤਨ ਰਾਹੀ ਕੀਤੀ ਜਾਂਦੀ ਸੀ। ਗੁਰੂ ਰਾਮ ਦਾਸ ਜੀ ਦੇ ਸਮੇਂ ਵੀ ਰਬਾਬੀਆਂ ਦੇ ਕੀਰਤਨ ਕਰਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ-

ਗਾਵਹਿ ਸਬਦ ਰਬਾਬੀ ਰਾਗਿ।
ਜਿਨ ਕੇ ਬਿਖੈ ਪਰਮ ਬੈਰਾਗ।
ਸਭਾ ਲਗਹਿ ਜਬ ਹੋਵਤਿ ਭੋਰ।
ਆਵਹਿ ਸਿਖ ਕਰਹਿ ਬਹੁ ਜੋਰ।
ਬਿਚ ਰਾਗਨ ਕੇ੍ ਬਦ ਬਨਾਵਹਿ।
ਮਧੁਰ ਮਧੁਰ ਮੁਖ ਤੇ ਧੁਲ ਗਾਵਹਿਂ।[12]

ਜਦੋਂ ਗੁਰੂ ਅਰਜਨ ਦੇਵ ਦੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਭਾਈ ਸੱਤਾ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂਜੀ ਬਾਰੇ ਪੌੜੀ ਉਚਾਰੀ। ਵਿੱਚ ਲਿਖਿਆ ਹੈ-

ਬਲਵੰਡ ਪੁਤਰ ਸਤਾ ਤਹ ਆਇਆ।

ਆਨ ਹਜੂਰ ਰਬਾਬ ਵਜਾਇਆ।
ਗੁਰ ਉਸਤਤ ਕਰਿ ਗਾਵਨ ਲਾਗਾ।
ਕਰੈ ਭਜਨ ਪ੍ਰੇਮ-ਰਸ ਪਾਗਾ।
ਪਉੜੀ ਕਰ ਉਸਤਤ ਮੁਖਿ ਗਾਈ।
ਟਿੱਕੇ ਕੀ ਵਾਰ ਮਾਹਿ ਲਾਈ।
ਸਤਿਗੁਰ ਤਾ ਪਰ ਕ੍ਰਿਪਾ ਕਰੀ।
ਸੰਗ ਵਾਰ ਲਗਾਇ ਗ੍ਰਿੰਥ ਲਿਖ ਧਰੀ।[13]

ਆਦਿ ਗ੍ਰੰਥ ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਯਾਦਾ ਦਾ ਆਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਗੁਰੂ ਜਸ ਗਾਇਨ ਕਰਨ ਦਾ ਸੁਭਾਗ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪ੍ਰਾਪਤ ਹੋਇਆ।

ਭਾਈ ਸੱਤਾ ਅਤੇ ਭਾਈ ਬਲਵੰਡ ਸੁਭਾਗ ਵੀ ਪ੍ਰਾਪਤ ਹੋਇਆ ਕਿ ਉਹਨਾਂ ਦੁਆਰਾ ਰਚੀ ਵਾਰ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦਿਤਾ ਗਿਆ।^

ਜਿੰਹ ਨਰ ਕਉ ਜਗ ਕੋਊਨ ਜਾਨੈ।
ਨਾਮ ਜਪਤ ਸੋ ਚਹੁੰ ਕੁੰਟ ਮਾਨੈ।
ਸਤਾ ਅਰੁ ਬਲਵੰਡ ਮਿਰਾਸੀ।
ਤਾਕੀ ਕਟੀ ਗੁਰੁ ਭਵ ਫਾਸੀ।
ਤਿਨਹਿੰ ਵਾਰ ਗੁਰ ਉਪਮ ਉਚਾਰੀ।
ਸ੍ਰੀ ਗ੍ਰੰਥ ਮਹਿ ਲਿਖ ਗੁਰ ਧਾਰੀ।[14]

ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਵਾਲੀ ਸਾਖੀ ਨੂੰ ਮਹਿਮਾ ਪ੍ਰਕਾ ਦਾ ਕਰਤਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇੱਕ ਸਾਖੀ ਨਾਲ ਜੋੜਦਾ ਹੈ। ਇੱਕ ਸਮੇ ਭਾਈ ਮਰਦਾਨਾ ਅਤੇ ਦਾਲਾ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਕਰ ਰਹੇ ਸਨ ਤਾਂ ਉਹਨਾਂ ਨੂੰ ਆਪਣੀ ਗਾਇਨ ਕਲਾ ਤੇ ਹੰਕਾਰ ਹੋ ਗਿਆ ਉਦੋਂ ਗੁਰੂ ਨਾਨਕ ਦੇਵ ਜੀ ਨੇ ਇਹ ਭਵਿਖ ਬਾਣੀ ਕੀਤੀ ਸੀ ਕਿ ਸਾਡੇ ਪੰਜਵੇਂ ਜਾਮੇ ਵਿੱਚ ਤੁਸੀ ਅਵੱਗਿਆ ਕਰੋਗੇ -

ਏਕ ਅਨੀਹ ਰੂਪ ਗੁਰੂਨਾਨਕ।
ਰਾਵੀ ਤਟ ਬੈਠੇ ਸੁਖ ਖਾਨਕ।
ਦਾਲ ਡੂਮ ਸਾਥ ਮਰਦਾਨੇ।
ਢੂੰਢਤ ਆਏ ਗੁਰੁ ਨਿਕਟਾਨੇ।
ਮਰਦਾਨੇ ਕੋ ਤਬ ਗੁਰ ਕਹਾ।
ਰਬਾਬ ਬਜਾਵੋ ਰਾਗ ਸੁ ਗਹਾ।
ਰਬਾਬ ਬਜਾਯੋ ਤਿੰਹ ਬਡ ਭਾਗੇ।
ਆਪ ਦਾਲੇ ਸਿਉ ਗਾਵਨਿ ਲਾਗੇ।
ਘੜੀ ਜੁਗਲ ਦਿਨ ਜਬੈ ਰਹਾਈ।
ਆਸਾ ਰਾਗਨੀ ਸ੍ਰੀ ਗੁਰ ਗਾਈ।
ਸੁਨਤ ਰਾਗ ਪੰਛੀ ਮ੍ਰਿਗ ਮੋਹੈ।
ਬੈਰ ਭਾਵ ਨਿਜ ਮਨ ਨਹੀਂ ਜੋਹੈ।
ਮਾਨ ਕੀਓ ਮਰਦਾਨੇ ਦਾਲੇ।
ਮ੍ਰਿਗ ਪੰਛੀ ਮੋਹ ਹਮ ਖਿਆਲੇ।

ਗੁਰੁ ਨਾਨਕ ਤਬ ਮੋਨ ਸੁਧਾਰੀ।
ਦਾਲੇ ਕਹਿਓ ਮੋਨ ਕਿਮ ਸਾਰੀ।-----
ਸ੍ਰੀ ਗੁਰੂ ਨਾਨਕ ਤਬ ਕਹਾ ਤੁਮੈ ਮਾਨ ਅਬ ਕੀਨ।
ਮਾਨ ਸਹਿਤਿ ਕਲਿਆਨ ਨਹਿੰ ਕਰੋ ਜਤਨ ਚਿਤ ਚੀਨ।
ਤਬ ਦੁਹੂੰਅਨ ਬਿਨਤੀ ਕਰੀ ਹੇ ਪ੍ਰਭ ਬਖਸ ਦਿਆਲ।
ਸ੍ਰੀ ਗੁਰ ਨਾਨਕ ਤਬ ਕਹਾ ਲਿਖਾ ਇਹੀ ਬਿਧ ਭਾਲ।[15]

ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਦੇ ਸਿੱਖ ਭਾਈ ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਨੂੰ ਵੀ ਗੁਰੂ ਦੇ ਚੋਜ ਹੀ ਗਿਣਦੇ ਸਨ। ਗੁਰੂ ਸਾਹਿਬ ਆਪਣੀਆਂ ਸਿੱਖਿਆਵਾਂ ਦ੍ਰਿੜ ਕਰਵਾਉਣ ਲਈ ਅਜਿਹੀਆਂ ਘਟਨਾਵਾਂ ਰਚਦੇ ਸਨ। ਜਿਵੇਂ ਭਾਈ ਗੁਰਦਾਸ ਜੀ ਨੇ ਆਪਣੀ ਇੱਕ ਵਾਰ ਵਿੱਚ ਲਿੱਖ ਦਿੱਤਾ-

ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨਾ ਹਾਰੇ।[16]

ਤਾਂ ਗੁਰੂ ਅਰਜਨ ਦੇਵ ਜੀ ਨੇ ਮਹਿਸੂਸ ਕੀਤਾ ਕਿ ਇਹ ਤੁਕ ਕਿਸੇ ਹੰਕਾਰ ਵਿੱਚੋਂ ਪ੍ਰਗਟ ਹੋਈ ਹੈ। ਤਾਂ ਉਹਨਾਂ ਨੇ ਭਾਈ ਸਾਹਿਬ ਨੂੰ ਸਿੱਖਿਆ ਦੇਣ ਲਈ ਇੱਕ ਕੌਤਕ ਦੀ ਰਚਨਾ ਕੀਤੀ। ਜਦੋਂ ਭਾਈ ਸਾਹਿਬ ਉਸ ਸਮੇਂ ਮਜਬੂਰ ਹੋ ਕੇ ਤਾਂ ਉਹਨਾਂ ਨੂੰ ਇਹ ਕਹਿਣਾ ਪਿਆ –

ਜੇ ਗੁਰ ਭਾਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।[17]

ਗੁਰੂ ਹਰਿ ਗੋਬਿੰਦ ਜੀ ਸੱਤਾ ਅਤੇ ਬਲਵੰਡ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਸੱਤਾ ਅਤੇ ਬਲਵੰਡ ਦਾ ਦੇਹਾਂਤ ਹੁੰਦਾ ਹੈ ਤਾਂ ਆਪ ਵੈਰਾਗ ਵਿੱਚ ਆ ਜਾਂਦੇ ਹਨ। ਗੁਰ ਬਿਲਾਸ ਪਾਤਸ਼ਾਹੀ 6 ਵਿੱਚ ਸੱਤਾ ਅਤੇ ਬਲਵੰਡ ਦੇ ਦੇਹਾਂਤ ਨੂੰ ਇੱਕ ਅਲੌਕਿਕ ਕਥਾ ਦੇ ਰੂਪ ਵਿੱਚ ਬਿਆਨ ਕੀਤਾ ਹੈ:
ਨੂੰ ਇੱਕ ਅਲੌਕਿਕ ਕਥਾ ਦੇ ਰੂਪ ਵਿੱਚ ਬਿਆਨ ਕੀਤਾ ਹੈ:

ਬਲਵੰਡ ਸੱਤਾ ਮਨ ਮੈਂ ਸੁਖ ਧਰੈਂ।
ਹਰਿ ਗੋਵਿੰਦ ਢਿਗ ਕੀਰਤਨ ਕਰੈਂ।
ਏਕ ਦਿਵਸ ਬਹੁ ਕੀਰਤਨ ਕੀਨੇ।
ਗੁਰ ਬਪ ਦੇਖ ਹਰਖ ਮਨ ਲੀਨੋ।।[799]
ਅੰਤ ਸਮਾ ਅਪਨਾ ਦ੍ਰਿਸ਼ਟਾਯੋ।
ਸ੍ਰੀ ਗੁਰੁ ਨਾਨਕ ਬੋਲ ਪਠਾਯੋ।
ਸ੍ਰੀ ਚੰਦ ਪੁਨ ਲਖਮੀ ਦਾਸ।
ਮਹਾਂ ਦੇਵ ਦਾਸੂ ਸੁਖ ਰਾਸ।।[800]
ਦੋਹਰਾ- ਗੁਰੁ ਨਾਨਕ ਲੇਵਨ ਪਠੇ ਏਹੁ ਚਾਰੋਂ ਤਬ ਆਇ।
ਬਲਵੰਡ ਸਤੈ ਕੌ ਦਰਸ ਦੈ ਐਸੇ ਕਹਾ ਸੁਨਾਇ।।[801]
ਚੌਪਈ- ਗੁਰ ਨਾਨਕ ਜੀ ਤੁਮੈਂ ਬੁਲਾਯੋ।
ਸ੍ਰਾਪ ਪੁਰ ਜਸ ਤੋਰ ਮਹਾਯੋ।
ਬਲਵੰਡ ਸੱਤੇ ਤਿੰਹ ਬੰਦਨ ਧਾਰ।
ਹਰਗੋਬਿੰਦ ਕੋ ਦੀਓ ਦਿਦਾਰ।।[802]
ਗੁਰ ਮੂਰਤ ਮਨ ਮੈਂ ਦ੍ਰਿੜ ਕੀਨੀ।
ਸੱਤਨਾਮ ਕਹ ਬਪ ਤਜ ਦੀਨੀ।
ਬਲਵੰਡ ਮਰਦਾਨੇ ਕਾ ਤਨ ਪਾਯੋ।
ਸੁਰ ਸੁੰਦਰ ਅਤ ਰੂਪ ਸੁਹਾਯੋ।।[803]

ਦੋਹਰਾ– ਦਾਲੇ ਬਪੁ ਸੁੰਦ੍ਰ ਲੀਓ ਸੁੰਦ੍ਰ ਦੇਵ ਅਪਾਰ।
ਲਲਤ ਯਾਨ ਦੋਊ ਚੜ੍ਹੈ ਗੁਰੁ ਸੁਤ ਸੰਗ ਸਿਧਾਰ॥ [804]
ਚੌਪਈ– ਗੁਰ ਨਾਨਕ ਕੇ ਧਾਮ ਸਿਧਾਏ।
ਦਾਲਾ ਮਰਦਾਨਾ ਹਰਖਾਏ।
ਆਗੇ ਦੇਖੀ ਸਭਾ ਅਪਾਰ।
ਪੰਚ ਗੁਰੁ ਬੈਠੇ ਨਿਰਧਾਰ। [805]
ਗੁਰ ਸੁਤ ਗੁਰੁ ਕੇ ਨਿਕਟ ਸੁਜਾਏ।
ਅਯੋ ਮਰਦਾਨਾ ਕਹਿਆ ਸੁਨਾਏ।
ਇਨ ਦੂਹਨ ਬਹੁ ਬੰਦਨ ਕੀਨੀ।
ਪੰਚ ਗੁਰੂਪੈ ਹੋਇ ਅਧੀਨੀ। [806]
ਦੋਹਰਾ– ਗੁਰ ਨਾਨਕ ਆਦਰ ਕੀਓ ਮਰਦਾਨੇ ਕੌ ਜਾਨ।
ਮਮ ਪ੍ਰੀਤਮ ਆਯੋ ਅਬੈ ਭਾਖਿਓ ਕ੍ਰਿਪਾ ਨਿਧਾਨ। [807]
ਚੌਪਈ– ਸ੍ਰਾਪ ਮੇਟ ਮਰਦਾਨਾ ਆਯੋ।
ਦਾਲਾ ਜਾਕੈ ਸੰਗ ਸੁਹਾਯੋ।
ਦੁਹਨ ਕੋ ਆਸਨ ਗੁਰੂਦੀਨੋ।
ਬੈਠੇ ਧਾਰ ਹਰਖ ਸੁਖ ਲੀਨੇ॥ [808]
ਪਾਛੇ ਹਰ ਗੋਬਿੰਦ ਕਰ ਐਸੇ।
ਮ੍ਰਿਤਕ ਤਨ ਕ੍ਰਿਯਾ ਥੀ ਜੈਸੇ।
ਰਬਾਬੀ ਬਾਬਕ ਨਿਕਟ ਬੁਲਾਯੋ।
ਤੁਮਹੌਂ ਆਦੀ ਕਹਿ ਸਮਝਾਯੋ॥ [809]
ਦੋਹਰਾ– ਮ੍ਰਿਤ ਰੀਤ ਜੌ ਤੋਹਿ ਮੈਂ ਕਰੋ ਸੋਇ ਮਨ ਲਾਇ॥
ਬਾਬਕ ਸ੍ਰੀ ਗੁਰ ਬੈਨ ਸੁਨ ਕੀਨ ਰੀ ਸੋ ਭਾਇ। [810]
ਚੌਪਈ– ਬਲਵੰਡ ਸਤੇ ਕੀ ਦੇਹ ਉਠਾਇ।
ਰਾਵੀ ਤਟ ਦਾਬੀ ਹਿਤ ਲਾਇ।
ਕਬਰ ਬਨਾਇ ਆਇ ਪੁਨ ਤਹਾ।
ਹਰਿ ਗੁਵਿੰਦ ਗੁਰ ਇਸਥਿਤ ਜਹਾਂ। [811]
ਕੀਰਤਨ ਤਾਹਿ ਗੁਰੂਮਨ ਲਾਯੋ।
ਨੈਨਨ ਨੀਰ ਰੁਮਾਲ ਹਟਾਯੋ।
ਬਾਬਕ ਕੌ ਪੁਨ ਯੌਂ ਫੁਰਮਾਇ।
ਕੀਰਤਨ ਕਰੋ ਰਬਾਬ ਬਜਾਇ॥ [812]
ਦੋਹਰਾ– ਬਾਬਕ ਤਬ ਕੀਰਤਨ ਕਰੈ ਸੁੰਦਰ ਲਗੈ ਦਿਵਾਨ॥
ਕਵ ਬਿਨਤੀ ਗਾਥਾ ਅਧਕ ਕਹਤਕ ਲਿਖੋਂ ਅਜਾਨ॥813॥18

ਇਸ ਤਰ੍ਹਾਂ ਬਲਵੰਡ ਰਬਾਬੀ ਦੀ ਇਤਿਹਾਸਕ ਕਥਾ ਸਿੱਖ ਇਤਿਹਾਸ ਅਤੇ ਖਾਸ ਕਰਕੇ ਗੁਰਮਤਿ ਸੰਗੀਤ ਦਾ ਇੱਕ ਸੁਨਹਿਰੀ ਪੰਨਾ ਹੈ। ਜਿਸਨੂੰ ਪਿਆਰ ਅਤੇ ਸ਼ਰਧਾ ਨਾਲ ਵਾਚਣ ਦੀ ਲੋੜ ਹੈ। ਇਹਨਾਂ ਰਬਾਬੀਆਂ ਬਾਰੇ ਨਿੰਦਾ ਭਰਪੂਰ ਘਟਨਾਵਾਂ ਦਾ ਬਹੁਤਾ ਜ਼ਿਕਰ ਕਰਕੇ ਉਹਨਾਂ ਦੀ ਮਹਾਨਤਾ ਨੂੰ ਘਟਾਉਣ ਤੋਂ ਗੁਰੇਜ਼ ਕਰਨਾਂ ਚਾਹੀਦਾ ਹੈ।

1.ਗੁਰ ਬਿਲਾਸ ਪਾਤਸ਼ਾਹੀ 6 (ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਮਹਿਮਾ ਪ੍ਰਕਾਸ਼ ,ਭਾਸ਼ਾ ਵਿਭਾਗ ਪੰਨਾ
3. ਮਹਿਮਾ ਪ੍ਰਕਾਸ਼ (ਵਾਰਤਕ) , ਸਿੰਘ ਬ੍ਰਦਰਜ਼ ਅੰਮ੍ਰਿਤਸਰ 2004
4.ਮਹਿਮਾ ਪ੍ਰਕਾਸ਼ (ਵਾਰਤਕ ਪੰਨਾ 55)
5. ਮਹਿਮਾ ਪ੍ਰਕਾਸ਼ (ਵਾਰਤਕ ਪੰਨਾ 57)
6. (ਮਹਿਮਾ ਪ੍ਰਕਾਸ਼, ਪੰਨਾ 60-61)
7. (ਮਹਿਮਾ ਪ੍ਰਕਾਸ਼ ਪੰਨਾ 132)
8.(ਮਹਿਮਾ ਪ੍ਰਕਾਸ਼ ਪੰਨਾ 149)
9. ਮਹਿਮਾ ਪ੍ਰਕਾਸ਼ (ਵਾਰਤਕ
10. ਗੁਰ ਪ੍ਰਤਾਪ ਸੂਰਜ
11. ਗੁਰ ਪ੍ਰਤਾਪ ਸੂਰਜ
12. ਗੁਰ ਪ੍ਰਤਾਪ ਸੂਰਜ
13.ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ, ਪੰਨਾ 313)
14. ਗੁਰ ਬਿਲਾਸ ਪਾਤਸ਼ਾਹੀ 6 , ਪੰਨਾ 130 (ਪੰਜਾਬੀ ਯੂਨੀਵਰਸਿਟੀ, ਪਟਿਆਲਾ)
15. ਮਹਿਮਾ ਪ੍ਰਕਾਸ਼
16. ਵਾਰ ਭਾਈ ਗੁਰਦਾਸ ਜੀ
17. ਵਾਰ ਭਾਈ ਗੁਰਦਾਸ ਜੀ
18. ਗੁਰ ਬਿਲਾਸ ਪਾਤਸ਼ਾਹੀ 6

# ਪ੍ਰਿੰਸੀਪਲ ਦਿਆਲ ਸਿੰਘ ਕ੍ਰਿਤ ਸੰਗੀਤ ਪੁਸਤਕਾਂ
## ਵਿਸ਼ਲੇਸ਼ਣ ਅਤੇ ਸਾਰਥਕਤਾ

**ਡਾ. ਰਿਸ਼ਪਾਲ ਸਿੰਘ**

ਪ੍ਰਿੰਸੀਪਲ ਦਿਆਲ ਸਿੰਘ ਇਕ ਅਜਿਹੇ ਸੁਘੜ ਅਤੇ ਵਿਖਿਆਤ ਸੰਗੀਤਕਾਰ ਹਨ ਜਿਹਨਾਂ ਨੇ ਗੁਰਮਤਿ ਸੰਗੀਤ ਦੇ ਪਰਚਾਰ ਲਈ ਤਨ ਦੇਹੀ ਨਾਲ ਕਾਰਜ ਕੀਤਾ। ਆਪ ਨੇ ਗੁਰਮਤਿ ਵਿਦਿਆਲਾ ਨਵੀਂ ਦਿੱਲੀ ਆਰੰਭ ਕੀਤਾ ਜੋ 1930 ਤੋਂ ਗੁਰਬਾਣੀ ਸਿੱਖਾਂਦਰੂਆਂ ਨੂੰ ਕੀਰਤਨ ਦੀ ਸਿਖਲਾਈ ਪ੍ਰਦਾਨ ਕਰਦਾ ਆ ਰਿਹਾ ਹੈ। 1980 ਵਿੱਚ ਗੁਰਮਤਿ ਵਿਦਿਆਲੇ ਦਾ ਗੋਲਡਨ ਜੁਬਲੀ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿੱਚ ਸੰਗੀਤ  ਅਤੇ ਹੋਰ ਦੁਨਿਆਵੀ ਹਸਤੀਆਂ ਨੇ ਸੰਗੀਤ ਸਬੰਧੀ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਪੁਸਤਕ ਗੋਲਡਨ ਜੁਬਲੀ ਵਿਦਿਆਲੇ ਦੇ ਗੁਰਬਾਣੀ ਸੰਗੀਤ ਪ੍ਰਤੀ ਕੀਤੇ ਪ੍ਰਚਾਰ ਦੇ ਕੰਮ ਵੱਲ ਸਮੂਹ ਪੰਥ ਅਤੇ ਸ਼ੁਭਚਿੰਤਕਾਂ ਦਾ ਧਿਆਨ ਕੇਂਦਰਿਤ ਕਰਨ ਦਾ ਉਪਰਾਲਾ ਮਾਤਰ ਹੈ। ਇਸ ਸਮਾਗਮ ਵਿੱਚ ਇਸ ਸੰਸਥਾ ਦੀ ਉਪਜ ਕੁਝ ਰਾਗੀ ਜੱਥਿਆਂ ਅਤੇ ਰਾਗੀ ਪ੍ਰਚਾਰਕਾਂ ਤੋਂ ਵੀ ਜਾਣੂੰ ਕਰਵਾਇਆ ਗਿਆ ਹੈ ਜੋ ਦੇਸ਼ਾਂ- ਵਿਦੇਸ਼ਾਂ ਵਿੱਚ ਕੀਰਤਨ ਪਰੰਪਰਾ ਰਾਹੀ ਗੁਰਬਾਣੀ ਸੰਗੀਤ ਦੀ ਅਣਥੱਕ ਸੇਵਾ ਨਿਭਾਅ ਰਹੇ ਹਨ। ਗੁਰਮਤਿ ਵਿਦਿਆਲਾ ਦੇ ਪੁਰਾਣੇ ਰਾਗੀ ਸਿੰਘਾਂ ਦੇ ਨਿੱਜੀ ਵਿਚਾਰ ਅਤੇ ਸੁਝਾਅ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ। ਇਸ ਪੁਸਤਕ ਤੋਂ ਸਾਨੂੰ ਗੁਰਮਤਿ ਵਿਦਿਆਲਾ ਨਾਮੀ ਸੰਸਥਾ ਦੇ ਗੁਰਮਤਿ ਸੰਗੀਤ ਦੇ ਪ੍ਰਚਾਰਕ ਅਤੇ ਪਰਸਾਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਸਮੁੱਚੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਚਾਹੇ ਇਹ ਪੁਸਤਕ ਸਿਰਫ ਇਸ ਗੋਲਡਨ ਜੁਬਲੀ ਸਮਾਗਮ ਦੀ ਰਿਪੋਰਟ ਮਾਤਰ ਹੈ ਪਰੰਤੂ ਫਿਰ ਵੀ ਸੰਗੀਤ ਨਾਲ ਸਬੰਧਿਤ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ।

ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਅਤੇ ਸ਼ਬਦ) ਪੁਸਤਕ ਗੁਰਮਤਿ ਸੰਗੀਤ ਦੇ ਵਿਖਿਆਤ ਕੀਰਤਨਕਾਰ ਪ੍ਰਿੰਸੀਪਲ ਦਿਆਲ ਸਿੰਘ ਦੀ ਕ੍ਰਿਤ ਹੈ ਜਿਹਨਾਂ ਨੇ ਪੰਜਾਬ ਪ੍ਰਾਂਤ ਤੋਂ ਬਾਹਰ ਰਹਿ ਕੇ ਗੁਰਮਤਿ ਸੰਗੀਤ ਜਿਹੀ ਮਹਾਨ ਅਧਿਆਤਮਕ ਗਾਇਨ ਵਿਧਾ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ।ਇਸ ਪੁਸਤਕ ਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ ਨਵੀਂ ਦਿੱਲੀ ਨੇ ਕੀਤਾ। ਪ੍ਰਿੰਸੀਪਲ ਦਿਆਲ ਸਿੰਘ 1967 ਤੋਂ ਹੀ ਦਿਲੀ ਵਿੱਖੇ ਗੁਰਮਤਿ ਸੰਗੀਤ ਵਿਦਿਆਲਾ ਨਾਮੀ ਸੰਸਥਾ ਚਲਾ ਰਹੇ ਹਨ ਜਿਸ ਵਿੱਚ ਗੁਰਮਤਿ ਸੰਗੀਤ ਦੇ ਪੰਜ ਸਾਲਾ ਸਿਲੇਬਸ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਿਆ ਦਿਤੀ ਜਾਂਦੀ ਹੈ ਅਤੇ ਇਸ ਸੰਸਥਾ ਨੇ ਗੁਰਮਤਿ ਸੰਗੀਤ ਦੇ ਖੇਤਰ ਨੂੰ ਅਨੇਕ ਉੱਘੇ ਰਾਗੀ ਦਿੱਤੇ ਹਨ। ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਦੇ ਨਾਲ-ਨਾਲ ਸਿਧਾਂਤਕ ਪੱਖ ਦੀ ਸਾਂਭ ਸੰਭਾਲ ਹਿੱਤ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਨੇ ਕਈ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ। ਇਹ ਪੁਸਤਕ ਵੀ ਆਪ ਜੀ ਦੀ ਕਲਮ ਤੋਂ ਉਕਰਿਆ ਇਕ ਸੰਗ੍ਰਹਿ ਹੈ। ਗੁਰਬਾਣੀ ਵਿੱਚ ਆਸਾ ਦੀ ਵਾਰ ਦੀ ਮਹੱਤਤਾ ਨੂੰ ਦੇਖਦੇ ਹੋਏ  ਪੁਸਤਕ ਵਿੱਚ ਆਸਾ ਦੀ ਵਾਰ ਨੂੰ ਛੇ ਰਾਗਾਂ ਵਿੱਚ ਨਿਬੱਧ ਕੀਤਾ ਹੈ । ਲੇਖਕ ਨੇ ਪੁਸਤਕ ਦੇ ਆਰੰਭ ਵਿੱਚ ਸੰਗੀਤ ਸਾਸ਼ਤਰ ਦੀ ਸੰਖੇਪ ਜਾਣਕਾਰੀ ਮੁਹੱਈਆ ਕਰਵਾਈ ਹੈ ਜਿਸ ਵਿੱਚ ਨਾਦ, ਆਹਤ ਨਾਦ, ਅਨਾਹਤ ਨਾਦ, ਰੂਪ ਭੇਦ, ਜਾਤੀ ਭੇਦ, ਸਥਾਨ ਭੇਦ, ਸ਼ਰੁਤੀ, ਸੁਰ, ਸਪਤਕ, ਚੱਲ ਅਤੇ ਅਚੱਲ ਸੁਰ, ਵਾਦੀ, ਸੰਵਾਦੀ, ਵਿਵਾਦੀ, ਅਨੁਵਾਦੀ, ਪੂਰਵਾਂਗ ਅਤੇ ਉਤਰਾਂਗ ਅਤੇ ਥਾਟ ਆਦਿ ਵਿਸ਼ੇ ਪ੍ਰਮੁੱਖ ਹਨ।

ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਅਤੇ ਸ਼ਬਦ) ਪੁਸਤਕ ਦੇ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਪੁਸਤਕ ਵਿੱਚਲੀ ਸਮੁੱਚੀ ਸਮਗਰੀ ਆਸਾ ਦੀ ਵਾਰ ਦਾ ਸਵਰਲਿਪੀਬੱਧ ਸੰਗ੍ਰਹਿ ਹੈ। ਲੇਖਕ ਨੇ ਪੁਸਤਕ ਵਿੱਚ ਗੁਰਮਤਿ ਸੰਗੀਤ ਦੇ ਸਿਧਾਂਤ ਅਨੁਸਾਰ ਆਸਾ ਦੀ ਵਾਰ ਨੂੰ 6 ਰਾਗਾਂ ਵਿੱਚ ਨਿਬੱਧ ਕੀਤਾ ਹੈ। ਆਸਾ ਦੀ ਵਾਰ ਵਿੱਚ ਪੁਰਾਤਨ ਪਰੰਪਰਾ ਅਨੁਸਾਰ ਛੱਕੇ ਅਤੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਸੀ, ਉਸੇ ਪਰੰਪਰਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਨੇ ਆਸਾ ਦੀ ਵਾਰ ਵਿੱਚ ਉਹਨਾਂ ਰਾਗਾਂ ਵਿੱਚ ਸ਼ਬਦਾਂ ਨੂੰ ਨਿਬੱਧ ਕੀਤਾ ਹੈ ਜਿਨ੍ਹਾਂ ਦਾ ਗਾਇਨ ਸਮਾਂ ਵੀ ਸਵੇਰ ਦਾ ਹੈ ਜਿਵੇਂ ਭੈਰਉ, ਰਾਮਕਲੀ , ਪ੍ਰਭਾਤੀ, ਲਲਿਤ, ਬਿਭਾਸ, ਅਸਾਵਰੀ, ਗੁਜਰੀ ਅਤੇ ਟੋਡੀ। ਆਸਾ ਦੀ ਵਾਰ ਉੱਪਰ ਲਿਖੀ ਗਈ ਇਹ ਪਹਿਲੀ ਨਿਵੇਕਲੀ ਦੇਣ ਹੈ ਇਸ ਤੋਂ ਪਹਿਲਾਂ ਕਿਸੇ ਵੀ ਲੇਖਕ ਨੇ ਅਜਿਹੇ ਮਹੱਤਵਪੂਰਨ ਕਾਰਜ ਨੂੰ ਨੇਪਰੇ ਚਾੜਨ ਦਾ ਹੌਂਸਲਾ ਨਹੀਂ ਕੀਤਾ। ਇਸ ਪੁਸਤਕ

ਦੇ ਹੁਣ ਤੱਕ ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਉਪਰੋਕਤ ਤੱਥਾਂ ਦੇ ਅਧਾਰ ਤੇ ਇਹ ਪੁਸਤਕ ਆਪਣੇ ਨਾਮ ਦੀ ਸਾਰਥਕਤਾ ਸਿੱਧ ਕਰਦੀ ਹੈ।

ਗੁਰਮਤਿ ਸੰਗੀਤ ਸਾਗਰ ਪੁਸਤਕ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਦੀ ਕ੍ਰਿਤ ਹੈ ਜਿਸਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਸ ਸਿਰਲੇਖ ਹੇਠ ਪੁਸਤਕ ਦੇ ਚਾਰ ਭਾਗ (1993,2000) ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸਾਸ਼ਤਰੀ ਸੰਗੀਤ ਦੀ ਵੀ ਵੱਡਮੁਲੀ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਦਾ ਭਾਗ ਪਹਿਲਾ ਗੁਰਬਾਣੀ ਸੰਗੀਤ ਦੀ ਗਾਇਨ ਵਿਧਾ ਆਸਾ ਦੀ ਵਾਰ ਉੱਪਰ ਅਧਾਰਿਤ ਹੈ। ਇਸ ਪੁਸਤਕ ਵਿੱਚ 14 ਰਾਗਾਂ ਦੇ ਖੋਜ ਲੇਖ, ਆਲਾਪ, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ 225 ਪ੍ਰਾਚੀਨ ਸ਼ਬਦ ਰੀਤਾਂ ਅਤੇ 22 ਪੜਤਾਲਾਂ ਨੂੰ ਲਿਪੀਬੱਧ ਕੀਤਾ ਹੈ। ਪੁਸਤਕ ਵਿੱਚ ਛੇ ਰਾਗਾਂ ਵਿੱਚ ਆਸਾ ਦੀ ਵਾਰ ਸਿਖਣ ਦਾ ਸਰਲ ਢੰਗ ਦਸਿਆ ਗਿਆ ਹੈ। ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸੰਗੀਤ ਦੇ ਸਵਰ, ਸ਼ਰੁਤੀ, ਥਾਟ, ਸੰਗੀਤ ਦੀਆਂ ਦੋਵੇਂ ਸੰਗੀਤ ਪੱਧਤੀਆਂ ਅਤੇ ਗਾਇਕ ਦੇ ਗੁਣ ਅਤੇ ਅਵਗੁਣ ਨਾਮਕ ਵਿਸ਼ਿਆਂ ਨੂੰ ਛੁਹਿਆ ਹੈ।

ਗੁਰਮਤਿ ਸੰਗੀਤ ਸਾਗਰ ਭਾਗ ਦੂਜਾ ਦਾ ਪ੍ਰਕਾਸ਼ਨ ਸੰਨ 1996 ਵਿੱਚ ਸੁਰੂ ਹੋਇਆ ਅਤੇ ਸੰਨ 2000 ਵਿੱਚ ਪੂਰਾ ਹੋਇਆ।ਇਸ ਪੁਸਤਕ ਵਿੱਚ ਲੇਖਕ ਨੇ ਆਪਣੇ ਸਮੇਂ ਤੋਂ 40 ਸਾਲ ਪਹਿਲਾਂ ਤਕ ਦੀਆਂ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਸਰਾਹੁਣਯੋਗ ਉਪਰਾਲਾ ਕੀਤਾ ਹੈ। ਲੇਖਕ ਦਾ ਮੰਨਣਾ ਹੈ ਕਿ ਜਦੋਂ ਉਸਨੇ ਇਹਨਾਂ ਪ੍ਰਾਚੀਨ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਯਤਨ ਅਰੰਭਿਆ ਤਾਂ ਗਿਆਤ ਹੋਇਆ ਕਿ ਇਹਨਾਂ ਸ਼ਬਦ ਰੀਤਾਂ ਵਿੱਚ ਕੁਝ ਅਜਿਹੀਆਂ ਸ਼ਬਦ ਰੀਤਾਂ ਵੀ ਹਨ ਜੋ ਆਧੁਨਿਕ ਥਾਟ ਪ੍ਰਣਾਲੀ ਨਾਲ ਮੇਲ ਨਹੀਂ ਖਾਂਦੀਆਂ ਕਿਉਂਕਿ ਉਹਨਾਂ ਸ਼ਬਦ ਰੀਤਾਂ ਦੇ ਨਾਮ, ਥਾਟ, ਵਾਦੀ, ਸੰਵਾਦੀ ਆਦਿ ਵਿੱਚ ਵਖਰੇਵਾਂ ਹੈ, ਸੋ ਇਸ ਵਖਰੇਵੇਂ ਨੂੰ ਸਪਸ਼ਟ ਕਰਨ ਹਿੱਤ ਪਹਿਲਾਂ ਉਹਨਾਂ ਰਾਂਗਾਂ ਉਪਰ ਖੋਜ ਕਰਕੇ ਲੇਖ ਲਿਖੇ ਅਤੇ ਬਾਅਦ ਵਿੱਚ ਪ੍ਰਚਲਿਤ ਥਾਟ ਪੱਧਤੀ ਅਨੁਸਾਰ ਸ਼ਬਦ ਰੀਤਾਂ ਨੂੰ ਲਿਪੀਬੱਧ ਕੀਤਾ ਹੈ। ਆਰੰਭ ਵਿੱਚ ਲੇਖਕ ਨੇ ਸੜਜ ਗ੍ਰਾਮ, ਮਧਿਅਮ ਗ੍ਰਾਮ, ਗੰਧਾਰ ਗ੍ਰਾਮ ਅਤੇ 21 ਮੂਰਛਨਾਵਾਂ ਨਾਲ ਸਬੰਧਿਤ ਖੋਜ ਕਰਕੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ੜਜ ਅਤੇ ਮਧਿਅਮ ਗ੍ਰਾਮ ਦੀਆਂ ਮੂਰਛਨਾਵਾਂ ਦੁਆਰਾ ਰਾਗ ਕਿਵੇਂ ਉਤਪੰਨ ਹੁੰਦੇ ਸਨ ? ਰਾਗਾਂ ਦੇ ਲਛਣ, ਥਾਟ ਪੱਧਤੀ ਦਾ ਵਿਕਾਸ, ਦੱਖਣੀ ਅਤੇ ਉੱਤਰੀ ਸੰਗੀਤ ਪੱਧਤੀ ਦੇ 12 ਸੁਰਾਂ ਤੋਂ 72 ਜਾਂ 32 ਥਾਟਾਂ ਦੀ ਉੱਤਪਤੀ ਦਾ ਵਿਧਾਨ ਦਸਿਆ ਹੈ।ਪੁਸਤਕ ਵਿੱਚ 234 ਪ੍ਰਾਚੀਨ ਸ਼ਬਦ ਰੀਤਾਂ ਅਤੇ 13 ਨਵੀਨ ਪੜਤਾਲਾਂ ਜੋ ਕਿ 21 ਰਾਗਾਂ ਵਿੱਚ ਲਿਪੀਬੱਧ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ ਦਾ ਸੰਗ੍ਰਹਿ ਕਰਕੇ ਗੁਰਮਤਿ ਸੰਗੀਤ ਸਾਗਰ ਦੇ ਰੂਪ ਵਿੱਚ ਸੰਗੀਤ ਜਗਿਆਸੂਆਂ ਨੂੰ ਅਰਪਣ ਕੀਤਾ ਹੈ।

ਗੁਰਮਤਿ ਸੰਗੀਤ ਸਾਗਰ ਭਾਗ ਤੀਜਾ ਦਾ ਪ੍ਰਕਾਸ਼ਨ ਸੰਨ 1993 ਵਿੱਚ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਹ ਪੁਸਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਪਹਿਲੂਆਂ ਦਾ ਬਹੁਮੁੱਲਾ ਸੰਗ੍ਰਹਿ ਹੈ। ਭਾਰਤੀ ਸੰਗੀਤ ਨੂੰ ਗੁਰਮਤਿ ਸੰਗੀਤ ਦਾ ਆਧਾਰ ਮੰਨਦੇ ਹੋਏ ਭਾਰਤੀ ਸੰਗੀਤ ਦਾ ਇਤਿਹਾਸ, ਸੰਗੀਤ ਦੀ ਉੱਤਪਤੀ, ਵੈਦਿਕ ਕਾਲ, ਬੁੱਧ ਕਾਲ, ਮੁਸਲਿਮ ਕਾਲ ਵਿੱਚ ਸੰਗੀਤ ਦਾ ਵਿਕਾਸ ਆਦਿ ਵਿਸ਼ਿਆਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਹਨ। ਭਾਰਤੀ ਸੰਗੀਤ ਦੀਆਂ ਧਰੁਪਦ, ਧਮਾਰ, ਖਿਆਲ, ਟੱਪਾ, ਠੁਮਰੀ,ਤਰਾਨਾ, ਗਜ਼ਲ, ਕੱਵਾਲੀ ਅਤੇ ਚਤੁਰੰਗ ਗਾਇਨ ਸ਼ੈਲੀਆਂ ਦਾ ਇਤਿਹਾਸਿਕ ਵਿਵੇਚਨ ਵੀ ਕੀਤਾ ਗਿਆ ਹੈ। ਪੁਸਤਕ ਦੇ ਸਿਰਲੇਖ ਨੂੰ ਧਿਆਨ ਵਿੱਚ ਰੱਖਦੇ ਹੋਏ ਭਗਤੀ ਸੰਗੀਤ ਦੀਆਂ ਦੋ ਪ੍ਰਣਾਲੀਆਂ ਭਜਨ-ਕੀਰਤਨ ਅਤੇ ਸਾਸ਼ਤਰ ਬੱਧ-ਕੀਰਤਨ ਤੋਂ ਅਧਿਆਤਮਕ ਸ਼ਰੋਤਿਆਂ ਨੂੰ ਜਾਣੂੰ ਕਰਵਾਇਆ ਹੈ। ਇਸ ਪੁਸਤਕ ਵਿੱਚ ਲੇਖਕ ਨੇ ਗੁਰਮਤਿ ਸੰਗੀਤ ਅਤੇ ਸਾਸ਼ਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ, ਭਗਤੀ ਸੰਗੀਤ ਅਤੇ ਗੁਰਮਤਿ ਸੰਗੀਤ, ਗੁਰਮਤਿ ਸੰਗੀਤ ਦੇ ਸਾਜ, ਕੀਰਤਨ ਮਰਿਯਾਦਾ ਅਤੇ ਗੁਰਮਤਿ ਸੰਗੀਤ ਦੀ ਅਧੋਗਤੀ ਨਾਮੀ ਅਹਿਮ ਵਿਸ਼ਿਆਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿੱਚ 256 ਪ੍ਰਾਚੀਨ ਸ਼ਬਦ ਰੀਤਾਂ ਉਪਲੱਬਧ ਹਨ।ਕਈ ਬੰਦਿਸ਼ਾਂ ਭਾਰਤੀ ਸੰਗੀਤ ਦੇ ਰਾਗਾਂ ਜਿਵੇਂ ਭਟਿਆਰ, ਸ਼ੰਕਰਾ, ਸੋਹਨੀ, ਲਲਿਤ ਅਤੇ ਖਮਾਜੀ ਭਟਿਆਰ ਵਿੱਚ ਦਰਜ ਹਨ ਜਦਕਿ ਇਹ ਰਾਗ ਗੁਰਮਤਿ ਸੰਗੀਤ ਦੇ ਰਾਗ ਨਹੀਂ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ

ਦਾ ਸੰਗ੍ਰਹਿ ਮੌਜੂਦ ਹੈ। ਗੁਰਮਤਿ ਸੰਗੀਤ ਤੋਂ ਇਲਾਵਾ ਦੋ ਠੁਮਰੀਆਂ,ਇਕ ਗੁਲਦਸਤਾ ਲਿਪੀਬੱਧ ਹੈ।

ਹੱਥਲੀ ਪੁਸਤਕ ਦਾ ਸਿਰਲੇਖ ਗੁਰਮਤਿ ਸੰਗੀਤ ਸਾਗਰ ਹੈ। ਪੁਸਤਕ ਦੇ ਵਿਵੇਚਨਾਤਮਕ ਅਧਿਐਨ ਤੋਂ ਪੁਸਤਕ ਵਿਚਲੀ ਮੌਲਿਕਤਾ ਦਾ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ। ਗੁਰਮਤਿ ਸੰਗੀਤ ਸਾਗਰ ਪੁਸਤਕ ਗੁਰਮਤਿ ਸੰਗੀਤ ਨਾਲ ਸਬੰਧਿਤ ਰਾਗਾਂ ਦੀ ਨਵੀਂ ਖੋਜ ਤੇ ਅਧਾਰਿਤ ਹੈ ਜਿਸ ਵਿੱਚ ਲੇਖਕ ਨੇ ਸ਼ੜਜ ਗ੍ਰਾਮ, ਮਧਿਅਮ ਗ੍ਰਾਮ, ਗੰਧਾਰ ਗ੍ਰਾਮ ਅਤੇ 21 ਮੂਰਛਨਾਵਾਂ ਨਾਲ ਸਬੰਧਿਤ ਖੋਜ ਕਰਕੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ੜਜ ਅਤੇ ਮਧਿਅਮ ਗ੍ਰਾਮ ਦੀਆਂ ਮੂਰਛਨਾਵਾਂ ਦੁਆਰਾ ਰਾਗ ਕਿਵੇਂ ਉਤਪੰਨ ਹੁੰਦੇ ਸਨ ? ਰਾਗਾਂ ਦੇ ਲਛਣ, ਥਾਟ ਪੱਧਤੀ ਦਾ ਵਿਕਾਸ, ਦੱਖਣੀ ਅਤੇ ਉੱਤਰੀ ਸੰਗੀਤ ਪੱਧਤੀ ਦੇ 12 ਸੁਰਾਂ ਤੋਂ 72 ਜਾਂ 32 ਥਾਟਾਂ ਦੀ ਉੱਤਪਤੀ ਦਾ ਵਿਧਾਨ ਦਸਿਆ ਹੈ। ਪੁਸਤਕ ਵਿੱਚ 234 ਪ੍ਰਾਚੀਨ ਸ਼ਬਦ ਰੀਤਾਂ ਅਤੇ 13 ਨਵੀਨ ਪੜਤਾਲਾਂ ਜੋ ਕਿ 21 ਰਾਗਾਂ ਵਿੱਚ ਲਿਪੀਬੱਧ ਹਨ।ਪੁਸਤਕ ਵਿੱਚ 256 ਪ੍ਰਾਚੀਨ ਸ਼ਬਦ ਰੀਤਾਂ ਹਨ (ਜੋਕਿ ਪੁਸਤਕ ਦੀ ਮੂਲ ਵਿਸੇਸ਼ਤਾ ਵੀ ਹੈ) ਜਿਹਨਾਂ ਨੂੰ ਸਾਂਭਣ ਦਾ ਮਹੱਤਵਪੂਰਨ ਉਪਰਾਲਾ ਲੇਖਕ ਦੀ ਅਣਥਕ ਮਿਹਨਤ ਨੂੰ ਦਰਸਾਉਂਦਾ ਹੈ।

ਗੁਰਮਤਿ ਸੰਗੀਤ ਸਿੱਖਿਆ ਪੁਸਤਕ ਪ੍ਰਿੰਸੀਪਲ ਦਿਆਲ ਸਿੰਘ ਨੇ ਸੰਗੀਤ ਦੀ ਆਰੰਭਿਕ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਨੋਬਲ ਨੂੰ ਧਿਆਨ ਵਿੱਚ ਰੱਖਕੇ ਰਚੀ ਹੈ। 144 ਪੰਨਿਆਂ ਦੀ ਇਸ ਪੁਸਤਕ ਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ 1996 ਵਿੱਚ ਕੀਤਾ। ਇਸ ਪੁਸਤਕ ਵਿੱਚ 124 ਸ਼ਬਦਾਂ ਨੂੰ 31 ਰਾਗਾਂ (ਰਾਗ ਬਿਲਾਵਲ, ਆਸਾ, ਭੂਪਾਲੀ, ਕਲਿਆਣ, ਸਾਰੰਗ, ਭੀਮਪਲਾਸੀ, ਪਟਦੀਪ, ਤਿਲੰਗ, ਬਿਹਾਗ, ਦੁਰਗਾ, ਪਹਾੜੀ, ਹਮੀਰ, ਦੇਸ਼, ਛਾਇਆਨਟ, ਜਿਲਤਾ, ਕਾਫੀ, ਸ਼ਿਵਰੰਜਨੀ, ਬਾਗੇਸ੍ਰੀ, ਮਾਲਕੌਂਸ਼, ਕਾਨੜਾ, ਬਹਾਰ, ਬਸੰਤ, ਮਲਹਾਰ, ਦੇਵਗੰਧਾਰੀ, ਜੋਨਪੁਰੀ, ਭੈਰਵੀ, ਭੈਰਵ, ਅਹੀਰ ਭੈਰਓ, ਗੁਣਕਲੀ, ਗੁਜਰੀ ਅਤੇ ਟੋਡੀ) ਅਧੀਨ ਨਿਬੱਧ ਕੀਤਾ ਗਿਆ ਹੈ।ਇਸ ਤੋਂ ਇਲਾਵਾ ਪੁਸਤਕ ਵਿੱਚ ਪ੍ਰਯੋਗ ਹੋਣ ਵਾਲੇ ਤਾਲਾਂ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਸੰਗੀਤ ਸ਼ਾਸਤਰ ਦੇ ਪਰਿਭਾਸ਼ਿਕ ਸ਼ਬਦਾਂ ਨੂੰ ਵੀ ਪਰਿਭਾਸ਼ਿਤ ਕੀਤਾ ਹੈ।

ਗੁਰਮਤਿ ਸੰਗੀਤ ਸਿੱਖਿਆ ਪੁਸਤਕ ਦਾ ਪਹਿਲਾ ਪ੍ਰਕਾਸ਼ਨ 1996 ਵਿੱਚ ਹੋਇਆ ਜਿਸ ਵਿੱਚ ਪੁਸਤਕ ਦੀ 1000 ਕਾਪੀ ਰਿਲੀਜ ਕੀਤੀ ਗਈ। 1999 ਅਤੇ 2004 ਵਿੱਚ ਦੁਬਾਰਾ 2000 ਪੁਸਤਕਾਂ ਦਾ ਮੁੜ-ਪ੍ਰਕਾਸ਼ਨ ਕੀਤਾ ਗਿਆ ਜਿਸ ਤੋਂ ਹੱਥਲੀ ਪੁਸਤਕ ਦੀ ਮਹੱਤਤਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹ ਪੁਸਤਕ ਸੰਗੀਤ ਦੀ ਮੁੱਢਲੀ ਸਿੱਖਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀਆਂ ਲਈ ਬਹੁਤ ਹੀ ਉਪਯੋਗੀ ਪੁਸਤਕ ਹੈ। ਪੁਸਤਕ ਦਾ ਲੇਖਕ ਭਾਰਤੀ ਸ਼ਾਸਤਰੀ ਸੰਗੀਤ ਦੇ ਸਿਧਾਂਤਾਂ ਦਾ ਧਾਰਨੀ ਹੈ ਕਿਉਂਕਿ ਲੇਖਕ ਨੇ ਗੁਰਬਾਣੀ ਦੇ ਸ਼ਬਦਾਂ ਨੂੰ ਭਾਰਤੀ ਸੰਗੀਤ ਦੇ ਰਾਗਾਂ ਅਧੀਨ ਹੀ ਸਵਰਲਿੱਪੀਬੱਧ ਕੀਤਾ ਹੈ। ਲੇਖਕ ਦੁਆਰਾ ਲਿੱਪੀਬੱਧ ਕੀਤੀਆਂ ਸ਼ਬਦ ਰੀਤਾਂ ਬਹੁਤ ਹੀ ਅਸਾਨ ਹਨ ਜਿਸ ਤੋਂ ਹਰ ਵਰਗ ਦਾ ਸੰਗੀਤ ਸਿੱਖਿਅਕ ਸੰਗੀਤ ਦੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਜਿਸ ਤੋਂ ਇਸ ਪੁਸਤਕ ਦੀ ਸਾਰਥਕਤਾ ਵੀ ਸਿੱਧ ਹੁੰਦੀ ਜਾਪਦੀ ਹੈ। ਪੁਸਤਕ ਵਿੱਚ 'ਜਿਲਤਾ' ਨਾਮਕ ਰਾਗ ਦੀ ਹੋਂਦ ਪ੍ਰਤੀਤ ਹੁੰਦੀ ਹੈ।

ਮੁਖੀ, ਸੰਗੀਤ ਵਿਭਾਗ
ਗੁਰੂ ਨਾਨਕ ਪੋਸਟ ਗ੍ਰੈਜੁਏਟ ਕਾਲਜ ਬੁਢਲਾਡਾ (ਮਾਨਸਾ)

# ਰਬਾਬ

ਜਗਤਾਰਜੀਤ ਸਿੰਘ (ਮੋ: 9899091186)

ਰਬਾਬ ਤਾਂ ਮਰਦਾਨੇ ਦਾ ਨਾਂ ਸੀ
ਪੂਰੀ ਕਾਇਨਾਤ ਰਾਗ ਵਿਚ ਬੱਝੀ
ਨਾਨਕ ਸਾਹਮਣੇ ਹਾਜ਼ਰ ਹੋ ਜਾਂਦੀ
ਤਦੇ ਨਾਨਕ ਕਹਿੰਦੇ
ਮਰਦਾਨਿਆਂ ਰਬਾਬ ਵਜਾ

ਬਾਣੀ ਕਦ ਹਾਜ਼ਰ ਹੁੰਦੀ
ਰਬਾਬ ਉਸ ਨੂੰ ਮੁਖ਼ਾਤਿਬ ਹੁੰਦੀ
ਕਿਤੇ ਵੀ ਦਰਜ਼ ਨਹੀਂ
ਪਰ ਜਦ ਦੋਵੇਂ ਰਲ ਵਿਚਰਦੇ
ਦੁਆਲਾ ਕੀਲਿਆ ਜਾਂਦਾ

ਸਾਡੇ ਕੋਲ ਤੁਰ ਆਈਆਂ ਹਨ ਕਥਾਵਾਂ
ਜਿਸ ਵਿਚ ਰਬਾਬ ਦੀਆਂ ਤਰਬਾਂ ਨਹੀਂ
ਨਾਨਕ ਦੀ ਆਵਾਜ਼ ਵੀ ਨਹੀਂ
ਲੋਕ ਬੋਲਾਂ ਦੀ ਅਨੁਗੂੰਜ ਹੈ
ਉਸ ਨਾਲ ਜੁੜਨ ਲਈ

ਰਬਾਬ ਮਰਦਾਨੇ ਨਾਲ
ਮਰਦਾਨਾ ਸਿੱਖ ਨਾਲ
ਇਕਮਿਕ ਹੋ ਤੁਰੇ ਆ ਰਹੇ ਹਨ

ਮੈਂ ਕਿਵੇਂ ਬੇਮੁੱਖ ਹੋ ਜਾਵਾਂ ਸਾਜ਼ ਤੋਂ
ਸਾਜ਼ ਤੋਂ ਟੁੱਟਿਆਂ
ਨਾਨਕ ਕਿਵੇਂ ਸਵੀਕਾਰ ਕਰੇਗਾ ਮੈਨੂੰ

# ਰਾਗੁ ਸਾਰੰਗ

**ਸੁਰਲਿਪੀ ਹਰਭਜਨ ਸਿੰਘ ਚੋਪੜਾ ( ਮੋ:98786-36268)**

**ਥਾਟ :** ਕਾਫੀ। ਦੋਨੋ ਨੀਸ਼ਾਦ ॥ **ਜਾਤੀ** : ਔਡਵ-ਔਡਵ ॥

**ਵਰਜਿਤ ਸਵਰ : 'ਗ' ਤੇ 'ਧ'**

**ਸਮਾਂ :** ਦਿਨ ਦਾ ਤੀਸਰਾ ਪਹਿਰ ॥

**ਵਾਦੀ ਸਵਰ** : ਰ ॥ **ਸੰਵਾਦੀ ਸਵਰ** : ਪ ॥

**ਆਰੋਹ :** ਸ ਰ ਮ ਪ ਨ ਸੰ॥**ਅਵਰੋਹ :** ਸੰ ਨੁ ਪ ਮ ਰ ਸ ॥

**ਮੁੱਖ ਅੰਗ :** ਨ਼ ਸ ਰ, ਮ ਰ, ਪ ਮ ਰ, ਨ਼ ਸ ॥

## ਰਾਗੁ ਸਾਰੰਗ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | **ਅਸਥਾਈ** | | | | | |
| **ਨ਼** | **ਨ਼** | **ਸ** | – | **ਰ** | **ਨ਼** | **ਸ** | **ਨ਼ੁ** | **ਪ਼** | **–ਪ਼** |
| ਹ | ਰਿ | ਬਿ | s | ਨੁ | ਕਉ | s | ਨ | s | sਸ |
| **ਮ਼** | **ਪ਼** | **ਨ਼** | **ਨ਼** | **ਨ਼** | **ਰ** | **ਨ਼** | **ਸ** | – | – |
| ਹਾ | s | ਈ | s | s | ਮ | ਨ | ਕਾ | s | s |
| **ਨ਼** | **ਨ਼** | **ਸ** | **ਰ** | **ਸ** | **ਰ** | **ਮ** | – | – | – |
| ਮਾ | s | ਤ | s | ਪਿ | ਤਾ | s | s | s | s |
| **ਰ** | **ਮ** | **ਪ** | **ਨੁ** | **ਮ** | **ਪ** | **ਪ** | **ਪ** | – | – |
| ਭਾ | ਈ | ਸੁ | s | ਤ | ਬ | ਨ | ਤਾ | s | s |
| **ਮ** | **ਪ** | **ਨ** | – | – | **ਸੰ** | **ਨ** | **ਸੰ** | – | – |
| ਹਿ | ਤੁ | ਲਾ | s | s | ਗੋ | s | s | s | s |
| **ਨੁ** | **ਪ** | **ਮ** | **ਰ** | **ਸ** | **ਰ** | **ਨ਼** | **ਸ** | – | – |
| ਸ | s | ਭ | s | s | ਫ | ਨ | ਕਾ | s | s |
| | | | | **ਅੰਤਰਾ** | | | | | |
| **ਮ** | – | **ਪ** | **ਨੁ** | **ਪ** | **ਨ** | **ਨ** | **ਸੰ** | – | **ਸੰ** |
| ਆ | s | ਗੇ | s | s | ਕਉ | s | ਕਿ | s | ਛੁ |
| **ਸੰ** | **ਸੰ** | **ਸੰ** | – | – | **ਰੰ** | **ਨ** | **ਸੰ** | – | – |
| ਤੁ | ਲ | ਹਾ | s | s | ਬਾਂ | s | ਧਹੁ | s | s |
| **ਨ** | – | **ਸੰ** | – | **ਮੰ** | **ਰੰ** | **ਸੰ** | **ਰੰ** | **ਨ** | **ਸੰ** |
| ਕਿਆ | s | s | s | s | ਭ | s | ਰ | s | s |
| **ਨ** | – | **ਸੰ** | – | **ਰੰ** | **ਨ** | **ਸੰ** | **ਨੁ** | **ਪ** | – |
| ਵਾ | s | ਸਾ | s | s | ਧ | ਨ | ਕਾ | s | s |

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| **ਰ** | – | **ਮ** | **ਪ** | **ਮਮ** | **ਪ** | – | **ਪ** | – | – |
| ਕ | s | ਹਾ | s | sਬਿ | ਸਾ | s | ਸਾ | s | s |
| **ਰ** | **ਮ** | **ਪ** | **ਨੁ** | **ਮ** | **ਪ** | – | **ਪ** | – | – |
| ਇ | ਸ | ਭਾਂ | s | s | ਡੇ | s | ਕਾ | s | s |
| **ਮ** | **ਪ** | **ਨ** | – | – | **ਸੰ** | **ਨ** | **ਸੰ** | – | – |
| ਇ | ਤ | ਨੁ | s | s | ਕੁ | s | s | s | s |
| **ਨੁ** | **ਪ** | **ਮ** | **ਰ** | **ਸ** | **ਰ** | **ਨ਼** | **ਸ** | – | – |
| ਲਾ | s | ਗੈ | s | s | ਠ | ਨ | ਕਾ | s | s |
| | | | | **ਅੰਤਰਾ** | | | | | |
| **ਮ** | **ਮ** | **ਪ** | **ਨੁ** | **ਪਪ** | **ਨ** | **ਨ** | **ਸੰ** | – | – |
| ਸ | ਗ | ਲ | s | sਧ | ਰ | ਮ | s | s | s |
| **ਸੰ** | **ਸੰ** | **ਸੰ** | – | **ਸੰ** | **ਰੰ** | **ਨ** | **ਸੰ** | – | – |
| ਪੁੰ | ਨ | ਫ | s | ਲ | ਪਾ | s | ਵਹੁ | s | s |
| **ਨ** | – | **ਸੰ** | – | **ਮੰ** | **ਰੰ** | **ਸੰ** | **ਰੰ** | **ਨ** | **ਸੰ** |
| ਧੂ | s | ਰਿ | s | s | ਬਾਂ | s | ਛਹੁ | s | s |
| **ਨ** | – | **ਸੰ** | – | **ਰੰ** | **ਨ** | **ਸੰ** | **ਨੁ** | **ਪ** | – |
| ਸ | s | ਭ | s | s | ਜ | ਨ | ਕਾ | s | s |
| **ਰ** | – | **ਮ** | **ਪ** | **ਮਮ** | **ਪ** | – | **ਪ** | – | **ਪ** |
| ਕ | s | ਹੈ | s | sਕ | ਬੀ | s | ਰੁ | s | sਸੁ |
| **ਰ** | **ਮ** | **ਪ** | **ਨੁ** | **ਮ** | **ਪ** | – | **ਪ** | – | – |
| ਨਹੁ | s | ਰੇ | s | s | ਸੰ | s | ਤਹੁ | s | s |
| **ਮ** | **ਪ** | **ਨ** | – | **ਨ** | **ਸੰ** | **ਨ** | **ਸੰ** | – | **ਸੰ** |
| ਇ | ਹੁ | ਮ | s | ਨੁ | ਉ | ਡ | ਨ | s | ਪੰ |
| **ਨੁ** | **ਪ** | **ਮ** | **ਰ** | **ਸ** | **ਰ** | **ਨ਼** | **ਸ** | – | – |
| ਖੇ | s | ਰੂ | s | s | ਬ | ਨ | ਕਾ | s | s |

# ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਸਾਰੰਗ ਕਬੀਰ ਜੀਉ ॥
saara(n)g kabeer jeeo ||
Saarang, Kabeer Jee:
ੴ ਸਤਿਗੁਰ ਪ੍ਰਸਾਦਿ ॥
ik oa(n)kaar sathigur prasaadh ||
One Universal Creator God. By The Grace Of The True Guru:
ਹਰਿ ਬਿਨੁ ਕਉਨੁ ਸਹਾਈ ਮਨ ਕਾ ॥
har bin koun sehaaee man kaa ||
Other than the Lord, who is the Help and Support of the mind?
ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥੧॥ ਰਹਾਉ ॥
maath pithaa bhaaee suth banithaa hith laago sabh fan kaa ||1|| rehaao ||
Love and attachment to mother, father, sibling, child and spouse, is all just an illusion. ||1||Pause||
ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥
aagae ko kishh thulehaa baa(n)dhhahu kiaa bharavaasaa dhhan kaa ||
So build a raft to the world hereafter; what faith do you place in wealth?
ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥੧॥
kehaa bisaasaa eis bhaa(n)ddae kaa eithanak laagai t(h)anakaa ||1||
What confidence do you place in this fragile vessel; it breaks with the slightest stroke. ||1||
ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ॥
sagal dhharam pu(n)n fal paavahu dhhoor baa(n)shhahu sabh jan kaa ||
You shall obtain the rewards of all righteousness and goodness, if you desire to be the dust of all.
ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥
kehai kabeer sunahu rae sa(n)thahu eihu man ouddan pa(n)khaeroo ban kaa ||2||1||9||
Says Kabeer, listen, O Saints: this mind is like the bird, flying above the forest. ||2||1||9||

RNI Regd. No. 46788/89 ISSN 0972-2335

